TUE 17 AUGUST 2021 | VOLUME: 01 / ISSUE: 267 / PAGES: 04 / PRICE: 5:00 INR

www.worldpunjabinews.com 01

World Punjabi News Network

WORLD PUNJABI NEWS
ਪੰਜਾਬੀ | پنجابی

ਲੋਕ ਹਿੱਤ ਵਿੱਚ ਪੱਤਰਕਾਰੀ

@worldpunjabinews
@worldpunjabinewstv
@wpunjabinews
@worldpunjabinews
@worldpunjabinews



# ਕਿਸਾਨਾਂ ਅਤੇ ਮਜ਼ਦੂਰਾਂ ਨੇ ਮਨਾਇਆ 'ਅਧੂਰਾ ਆਜ਼ਾਦੀ ਦਿਹਾੜਾ'



**ਅਟਾਰੀ/ਅੰਮ੍ਰਿਤਸਰ।** ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਸੂਬਾ ਕਮੇਟੀ ਪ੍ਰਧਾਨ ਸਤਨਾਮ ਸਿੰਘ ਪੰਨੂੰ, ਸਵਿੰਦਰ ਸਿੰਘ ਚੁਤਾਲਾ ਅਤੇ ਸੁਖਵਿੰਦਰ ਸਿੰਘ ਸਭਰਾ ਦੀ ਅਗਵਾਈ ਹੇਠ 15 ਅਗਸਤ ਦਾ ਦਿਨ ਪੰਜਾਬ ਭਰ ਵਿੱਚ ਅਧੂਰਾ ਅਜ਼ਾਦੀ ਦਿਹਾੜਾ ਵਜੋਂ ਮਨਾਇਆ ਗਿਆ। ਅੰਮ੍ਰਿਤਸਰ ਜ਼ਿਲ੍ਹੇ ਵਿੱਚ ਸੂਬਾ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ, ਸੂਬਾ ਦਫ਼ਤਰ ਸਕੱਤਰ ਗੁਰਬਚਨ ਸਿੰਘ ਚੱਬਾ, ਜ਼ਿਲ੍ਹਾ ਪ੍ਰਧਾਨ ਲਖਵਿੰਦਰ ਸਿੰਘ ਵਰਿਆਮ, ਰਣਜੀਤ ਸਿੰਘ ਕਲੇਰਬਾਲਾ, ਜਰਮਨਜੀਤ ਸਿੰਘ ਬੰਡਾਲਾ, ਸਕੱਤਰ ਸਿੰਘ ਕੋਟਲਾ ਦੀ ਅਗਵਾਈ ਹੇਠ ਅਟਾਰੀ ਬਾਰਡਰ ਤੋਂ ਆਰੰਭ ਹੋ ਕੇ ਬਿਆਸ ਜਾ ਕੇ ਸਮਾਪਤ ਹੋਇਆ। ਅਟਾਰੀ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੂਬਾ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ ਨੇ ਕਿਹਾ ਕਿ ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ 15 ਅਗਸਤ ਨੂੰ ਇਸ ਵਾਰ ਅਧੂਰੀ ਆਜ਼ਾਦੀ ਦਿਵਸ ਮਨਾ ਰਹੀ ਹੈ ਜਿਸ ਦਾ ਕਾਰਨ ਆਜ਼ਾਦੀ ਤੋਂ ਪਹਿਲਾਂ ਦੀਆਂ ਸਮੱਸਿਆਵਾਂ ਅੱਜ ਵੀ ਬਰਕਰਾਰ ਹਨ ਅਤੇ ਲੋਕ ਇਨ੍ਹਾਂ ਸਮੱਸਿਆਵਾਂ ਨਾਲ ਜੂਝ ਰਹੇ ਹਨ। ਸਾਰੇ ਜਨਤਕ ਅਦਾਰੇ ਕੌਡੀਆਂ ਦੇ ਭਾਅ ਵੇਚੇ ਗਏ ਹਨ ਅਤੇ ਬਚਿਆ ਖੇਤੀ ਸੈਕਟਰ ਵੀ ਤਿੰਨ ਕਾਲੇ ਖੇਤੀ ਕਾਨੂੰਨ ਲਿਆ ਕੇ ਉਨ੍ਹਾਂ ਦੇ ਹਵਾਲੇ ਕੀਤਾ ਜਾ ਰਿਹਾ ਹੈ, ਨੂੰ ਲਾਗੂ ਕਰਕੇ ਦੇਸ਼ ਦੇ ਆਰਥਿਕ ਸੋਮਿਆਂ ਉੱਤੇ ਉਨ੍ਹਾਂ ਦਾ ਕਬਜ਼ਾ ਕਰਵਾ ਰਹੇ ਹਨ। ਇਸ ਮੌਕੇ ਗੁਰਲਾਲ ਸਿੰਘ ਮਾਨ, ਬਾਜ ਸਿੰਘ ਸਾਰੰਗੜਾ, ਕੰਵਰ ਦਲੀਪ ਸਿੰਘ, ਕੁਲਵੰਤ ਸਿੰਘ ਕੱਕੜ, ਕੁਲਵੰਤ ਸਿੰਘ ਰਾਜਤਾਲ, ਲਖਵਿੰਦਰ ਸਿੰਘ ਡਾਲਾ, ਕੁਲਜੀਤ ਸਿੰਘ ਕਾਲੇ ਘਣੂਪੁਰ, ਕਵਲਜੀਤ ਸਿੰਘ ਵੰਨਚੜੀ, ਗੁਰਦੇਵ ਸਿੰਘ ਵਰਪਾਲ, ਚਰਨਜੀਤ ਸਿੰਘ ਸਫੀਪੁਰ, ਅਮੋਲਕ ਸਿੰਘ ਨਰਾਇਣਗੜ੍ਹ, ਅਜੀਤ ਸਿੰਘ ਠੱਠੀਆਂ, ਹਰਬਿੰ-ਦਰ ਸਿੰਘ ਭਲਾਈਪੁਰ, ਸੁਖਦੇਵ ਸਿੰਘ ਚਾਟੀਵਿੰਡ, ਬਲਦੇਵ ਸਿੰਘ ਬੱਗਾ, ਗੁਰਭੇਜ ਸਿੰਘ ਝੰਡੇ, ਸਵਿੰਦਰ ਸਿੰਘ ਰੂਪੋਵਾਲੀ, ਗੁਰਦੇਵ ਸਿੰਘ ਗੱਗੋਮਾਹਲ ਆਦਿ ਆਗੂ ਵੀ ਹਾਜ਼ਰ ਸਨ।

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਸੂਬਾ ਪ੍ਰਧਾਨ ਸਤਨਾਮ ਸਿੰਘ ਪਨੂੰ, ਸਵਿੰਦਰ ਸਿੰਘ ਚੁਤਾਲਾ, ਸੁਖਵਿੰਦਰ ਸਿੰਘ ਸਭਰਾ ਦੀ ਅਗਵਾਈ ਹੇਠ ਪੰਜਾਬ ਭਰ ਵਿੱਚ ਅਧੂਰਾ ਆਜ਼ਾਦੀ ਦਿਹਾੜਾ ਮਨਾਇਆ ਗਿਆ। ਅੰਮ੍ਰਿਤਸਰ ਜ਼ਲ੍ਹਿੇ ਵਿੱਚ ਸੂਬਾ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ, ਸੂਬਾ ਦਫ਼ਤਰ ਸਕੱਤਰ ਗੁਰਬਚਨ ਸਿੰਘ ਚੱਬਾ, ਜ਼ਲ੍ਹਿਾ ਪ੍ਰਧਾਨ ਲਖਵਿੰਦਰ ਸਿੰਘ ਵਰਿਆਮ, ਰਣਜੀਤ ਸਿੰਘ ਕਲੇਰਬਾਲਾ, ਜਰਮਨਜੀਤ ਸਿੰਘ ਬੰਡਾਲਾ, ਸਕੱਤਰ ਸਿੰਘ ਕੋਟਲਾ ਦੀ ਅਗਵਾਈ ਹੇਠ ਇਥੇ ਗੋਲਡਨ ਗੇਟ ਵਿਖੇ ਸਰਕਾਰ ਦਾ ਪੁਤਲਾ ਸਾੜ ਕੇ ਰੋਸ ਵਿਖਾਵਾ ਕੀਤਾ ਗਿਆ । ਇਸ ਸਬੰਧ ਵਿਚ ਪਹਿਲਾਂ ਅਟਾਰੀ ਸਰਹੱਦ ਤੋਂ ਮੋਟਰਸਾਈਕਲ ਮਾਰਚ ਸ਼ੁਰੂ ਹੋਇਆ ਜਿਸ ਨੇ ਗੋਲਡਨ ਗੇਟ 'ਤੇ ਰਾਜ ਪ੍ਰਬੰਧ ਦਾ ਪੁਤਲਾ ਫੂਕਿਆ। ਇਹ ਮਾਰਚ ਬਿਆਸ ਜਾ ਕੇ ਖਤਮ ਹੋਇਆ । ਕਿਸਾਨ ਆਗੂਆਂ ਨੇ ਦੋਸ਼ ਲਾਇਆ ਕਿ ਸਾਰੇ ਜਨਤਕ ਅਦਾਰੇ ਕੌਡੀਆਂ ਦੇ ਭਾਅ ਨਿਜੀ ਹੱਥਾਂ ਵਿਚ ਵੇਚੇ ਜਾ ਰਹੇ ਹਨ। ਖੇਤੀ ਸੈਕਟਰ ਵੀ ਤਿੰਨ ਕਾਲੇ ਖੇਤੀ ਕਾਨੂੰਨ ਲਿਆ ਕੇ ਉਨ੍ਹਾਂ ਦੇ ਹਵਾਲੇ ਕੀਤਾ ਜਾ ਰਿਹਾ ਹੈ। ਪਿਛਲੇ 74 ਸਾਲਾਂ ਵਿਚ ਇਨਾਂ ਸਮੱਸਿਆਵਾਂ ਦਾ ਕੋਈ ਹੱਲ ਨਹੀਂ ਕੀਤਾ ਗਿਆ। ਇਸ ਮੌਕੇ ਗੁਰਲਾਲ ਸਿੰਘ ਮਾਨ,ਬਾਜ ਸਿੰਘ ਸਾਰੰਗੜਾ,ਕੰਵਰ ਦਲੀਪ ਸਿੰਘ,ਕੁਲਵੰਤ ਸਿੰਘ ਕਕੜ, ਕੁਲਵੰਤ ਸਿੰਘ ਰਾਜਤਾਲ,ਲਖਵਿੰਦਰ ਸਿੰਘ ਡਾਲਾ,ਕੁਲਜੀਤ ਸਿੰਘ ਕਾਲੇ ਘਣੂਪੁਰ ਆਦਿ ਆਗੂ ਵੀ ਹਾਜ਼ਰ ਸਨ।

## ਕਾਂਗਰਸ ਆਗੂ ਸੁਸ਼ਮਿਤਾ ਦੇਵ ਟੀਐੱਮਸੀ ਵਿੱਚ ਸ਼ਾਮਲ

### ਸੋਨੀਆਗਾਂਧੀ ਨੂੰ ਅਸਤੀਫ਼ਾ ਭੇਜ ਕੇ ਨਵੇਂ ਸਫ਼ਰ ਦੀ ਸ਼ੁਰੂਆਤ ਦਾ ਐਲਾਨ



**ਕੋਲਕਾਤਾ।** ਕਾਂਗਰਸ ਦਾ 'ਹੱਥ' ਛੱਡ ਕੇ ਅਸਾਮ ਦੀ ਸਾਬਕਾ ਸੰਸਦ ਮੈਂਬਰ ਸੁਸ਼ਮਿਤਾ ਦੇਵ ਅੱਜ ਇੱਥੇ ਟੀਐੱਮਸੀ ਵਿੱਚ ਸ਼ਾਮਲ ਹੋ ਗਏ। ਉਨ੍ਹਾਂ ਕੌਮੀ ਜਨਰਲ ਸਕੱਤਰ ਅਭਿਸ਼ੇਕ ਬੈਨਰਜੀ ਦੀ ਮੌਜੂਦਗੀ ਵਿੱਚ ਸ਼ਮੂਲੀਅਤ ਕੀਤੀ। ਦੇਵ, ਕਾਂਗਰਸ ਦੇ ਕੌਮੀ ਤਰਜ਼ਮਾਨ ਅਤੇ ਮਹਿਲਾ ਵਿੰਗ ਦੀ ਮੁਖੀ ਵਜੋਂ ਸੇਵਾ ਨਿਭਾਉਂਦੇ ਰਹੇ ਹਨ। ਟਵਿੱਟਰ 'ਤੇ ਟੀਐੱਮਸੀ ਨੇ ਸਾਬਕਾ ਸੰਸਦ ਮੈਂਬਰ ਦਾ ਆਪਣੀ ਪਾਰਟੀ ਵਿੱਚ ਸਵਾਗਤ ਕੀਤਾ। ਪਾਰਟੀ ਨੇ ਆਪਣੇ ਟਵਿੱਟਰ ਹੈਂਡਲ 'ਤੇ ਲਿਖਿਆ,'ਅਸੀਂ ਆਲ ਇੰਡੀਆ ਮਹਿਲਾ ਕਾਂਗਰਸ ਦੀ ਸਾਬਕਾ ਪ੍ਰਧਾਨ ਸੁਸ਼ਮਿਤਾ ਦੇਵ ਦਾ ਤ੍ਰਿਣਮੂਲ ਪਰਿਵਾਰ ਵਿੱਚ ਸਵਾਗਤ ਕਰਦੇ ਹਾਂ।' ਦੇਵ ਨੇ ਐਤਵਾਰ ਨੂੰ ਆਪਣਾ ਅਸਤੀਫ਼ਾ ਕਾਂਗਰਸ ਮੁਖੀ ਸੋਨੀਆ ਗਾਂਧੀ ਨੂੰ ਭੇਜ ਦਿੱਤਾ ਸੀ। ਉਨ੍ਹਾਂ ਪਾਰਟੀ ਛੱਡਣ ਦਾ ਕੋਈ ਕਾਰਨ ਨਹੀਂ ਦੱਸਿਆ। ਸ੍ਰੀਮਤੀ ਗਾਂਧੀ ਨੂੰ ਲਿਖੇ ਪੱਤਰ ਵਿੱਚ ਦੇਵ ਨੇ ਕਿਹਾ ਕਿ ਉਹ ਆਪਣੀ ਜ਼ਿੰਦਗੀ ਦੇ ਨਵੇਂ ਸਫ਼ਰ ਦੀ ਸ਼ੁਰੂਆਤ ਕਰ ਰਹੀ ਹੈ। ਇਸ ਲਈ ਉਸ ਨੇ ਕਾਂਗਰਸ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ ਹੈ। ਦੂਜੇ ਪਾਸੇ ਕਾਂਗਰਸ ਦੇ ਮੁੱਖ ਬੁਲਾਰੇ ਰਣਦੀਪ ਸੁਰਜੇਵਾਲਾ ਨੇ ਕਿਹਾ ਕਿ ਉਨ੍ਹਾਂ ਨੂੰ ਸੁਸ਼ਮਿਤਾ ਦੇਵ ਵੱਲੋਂ ਕੋਈ ਪੱਤਰ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਤੇ ਦੂਜੇ ਪਾਰਟੀ ਆਗੂਆਂ ਨੇ ਮਹਿਲਾ ਆਗੂ ਤੱਕ ਪਹੁੰਚ ਕਰਨ ਦੀ ਕਾਫ਼ੀ ਕੋਸ਼ਿਸ਼ ਕੀਤੀ ਪਰ ਉਸ ਦਾ ਫੋਨ ਬੰਦ ਸੀ। ਉਨ੍ਹਾਂ ਸੁਸ਼ਮਿਤਾ ਨੂੰ ਚੰਗੀ ਦੋਸਤ, ਯੋਗ ਤੇ ਹੁਨਰਮੰਦ ਦੱਸਿਆ।

## ਕਾਬੁਲ ਜਾਣ ਵਾਲੀ ਏਅਰ ਇੰਡੀਆ ਦੀ ਇਕੋ-ਇਕ ਉਡਾਣ ਰੱਦ

**ਨਵੀਂ ਦਿੱਲੀ।** ਏਅਰ ਇੰਡੀਆ ਨੇ ਵੀ ਆਪਣੀ ਇਕੋ-ਇਕ ਦਿੱਲੀ-ਕਾਬੁਲ-ਦਿੱਲੀ ਉਡਾਣ ਰੱਦ ਕਰ ਦਿੱਤੀ ਹੈ। ਇਸ ਜਹਾਜ਼ ਨੇ ਅੱਜ ਉਡਾਣ ਭਰਨੀ ਸੀ ਪਰ ਕਾਬੁਲ ਹਵਾਈ ਅੱਡੇ ਦੀ ਅਥਾਰਿਟੀ ਨੇ ਏਅਰਸਪੇਸ ਨੂੰ 'ਕਾਬੂ ਤੋਂ ਬਾਹਰ' ਕਰਾਰ ਦਿੱਤਾ ਹੈ। ਇਸ ਤੋਂ ਇਲਾਵਾ ਅਮਰੀਕਾ ਤੋਂ ਦਿੱਲੀ ਆ ਰਹੀਆਂ ਦੋ ਉਡਾਣਾਂ ਨੂੰ ਸ਼ਾਰਜਾਹ ਵੱਲ ਮੋੜ ਦਿੱਤਾ ਗਿਆ ਹੈ। ਇਕ ਉਡਾਣ ਸਾਂ ਫਰਾਂਸਿਸਕੋ ਅਤੇ ਦੂਜੀ ਸ਼ਿਕਾਗੋਂ ਤੋਂ ਦਿੱਲੀ ਆ ਰਹੀ ਸੀ। ਇਹ ਹੁਣ ਸ਼ਾਰਜਾਹ (ਯੂਏਈ) ਵੱਲ ਹੋ ਕੇ ਦਿੱਲੀ ਪਹੁੰਚੀਆਂ ਹਨ। ਭਾਰਤ ਤੇ ਪੱਛਮੀ ਦੇਸ਼ਾਂ ਵਿਚਾਲੇ ਚੱਲਦੀਆਂ ਉਡਾਣਾਂ ਨੂੰ ਅਫ਼ਗਾਨ ਏਅਰਸਪੇਸ ਵਰਤਣ ਤੋਂ ਗੁਰੇਜ ਕਰਨ ਲਈ ਕਿਹਾ ਗਿਆ ਹੈ। ਕਾਬੁਲ ਏਅਰਪੋਰਟ ਅਥਾਰਿਟੀ ਨੇ 'ਨੋਟੈਮ' (ਨੋਟਿਸ ਟੂ ਏਅਰਮੈੱਨ) ਜਾਰੀ ਕੀਤਾ ਹੈ। ਨੋਟਿਸ ਮੁਤਾਬਕ ਅਫ਼ਗਾਨ ਏਅਰਸਪੇਸ ਫ਼ੌਜ ਦੇ ਹਵਾਲੇ ਕਰ ਦਿੱਤੀ ਗਈ ਹੈ ਤੇ ਇਸ ਵਿਚੋਂ ਗੁਜ਼ਰਦੇ ਕਿਸੇ ਵੀ ਜਹਾਜ਼ ਨੂੰ ਇੱਥੋਂ ਦਾ ਟਰੈਫਿਕ ਕੰਟਰੋਲ ਨਹੀਂ ਦੇਖੇਗਾ। ਕਾਬੁਲ ਹਵਾਈ ਅੱਡੇ ਦੀ ਸਿਵਿਲੀਅਨ ਸਾਈਡ ਨੂੰ ਅਗਲੇ ਨੋਟਿਸ ਤੱਕ ਬੰਦ ਕਰ ਦਿੱਤਾ ਗਿਆ ਹੈ।



OUR PARTNERS IN PROMOTION
WORLD PUNJABI NEWS NETWORK

whitecloud.in WHITECLOUD INTERNATIONAL
WEB PRESENCE PROVIDER

SmartBrainz EXPLORE. CHOOSE. BUY.
TECHNOLOGY PROVIDER

WORLD PUNJABI NEWS NETWORK
NEWS & MEDIA PARTNER

ADVERTISE WITH US
+91 98155 88388
worldpunjabinews@gmail.com

# ਕਿਸਾਨ ਅੰਦੋਲਨ ਦੇ ਵਧਦੇ ਕਦਮ



ਖੇਤੀ ਵਿਰੋਧੀ ਕਾਨੂੰਨਾਂ ਖ਼ਿਲਾਫ਼ ਚੱਲ ਰਹੇ ਅੰਦੋਲਨ ਨੂੰ ਦਿੱਲੀ ਦੀਆਂ ਬਰੂਹਾਂ 'ਤੇ ਅੱਠ ਮਹੀਨੇ ਤੋਂ ਵੱਧ ਦਾ ਸਮਾਂ ਹੋ ਗਿਆ ਹੈ। ਇਸ ਸਮੇਂ ਦਰਮਿਆਨ ਅੰਦੋਲਨ ਅੰਦਰ ਕਈ ਉਤਰਾਅ ਚੜ੍ਹਾਅ ਆਏ ਹਨ। ਅੰਦੋਲਨ ਨੂੰ ਅੰਦਰੂਨੀ ਅਤੇ ਬਾਹਰੀ ਤਾਕਤਾਂ ਲਗਾਤਾਰ ਢਾਹ ਲਾਉਣ ਦੀ ਤਾਕ ਵਿਚ ਰਹਿੰਦੀਆਂ ਹਨ। ਉਨ੍ਹਾਂ ਤਾਕਤਾਂ ਕੋਲੋਂ ਕਿਸਾਨ ਲੀਡਰਸ਼ਿਪ ਬਚਾਉਣ ਵਿਚ ਸਫ਼ਲ ਰਹੀ ਹੈ। ਕਿਸਾਨ ਆਗੂਆਂ ਸਾਹਮਣੇ ਘੋਲ ਦੇ ਮੌਜੂਦਾ ਸਰੂਪ ਦੇ ਨਾਲ ਇਸ ਅੰਦਰ ਨਵਾਂਪਣ ਪੈਦਾ ਕਰਕੇ ਅੱਗੇ ਵਧਾਉਣ ਦੀ ਚੁਣੌਤੀ ਰਹਿੰਦੀ ਹੈ। ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਇਸ ਅੰਦੋਲਨ ਦੀ ਰੀੜ੍ਹ ਦੀ ਹੱਡੀ। ਵੱਖ ਵੱਖ ਵਿਚਾਰਧਾਰਾਵਾਂ ਵਾਲੀਆਂ ਕਿਸਾਨ ਜਥੇਬੰਦੀਆਂ ਦੇ ਇਸ ਅੰਦੋਲਨ ਨੂੰ ਆਪਸੀ ਸਹਿਮਤੀ ਨਾਲ ਅੱਗੇ ਵਧਾਉਣ ਦੇ ਦਲੇਰਾਨਾ ਫ਼ੈਸਲੇ ਨੇ ਲੀਡਰਸ਼ਿਪ ਦੀ ਯੋਗਤਾ 'ਤੇ ਮੋਹਰ ਲਾਈ ਹੈ। ਸਮੇਂ ਸਮੇਂ 'ਤੇ ਖੇਤੀ ਕਾਨੂੰਨਾਂ ਤੋਂ ਇਲਾਵਾ ਮਹਿੰਗਾਈ, ਡੀਜ਼ਲ ਤੇ ਪੈਟਰੋਲ ਦੀਆਂ ਵਧ ਰਹੀਆਂ ਕੀਮਤਾਂ 'ਤੇ ਸਫ਼ਲ ਐਕਸ਼ਨ ਕਰਕੇ ਸਮਾਜ ਦੇ ਬਾਕੀ ਵਰਗਾਂ ਦਾ ਧਿਆਨ ਵੀ ਆਪਣੇ ਵੱਲ ਖਿੱਚਿਆ ਹੈ।

ਅੰਦੋਲਨ ਦੇ ਛੇ ਮਹੀਨੇ ਮੁਕੰਮਲ ਹੋਣ 'ਤੇ ਸੰਯੁਕਤ ਕਿਸਾਨ ਮੋਰਚੇ ਨੇ ਪੂਰੇ ਦੇਸ਼ ਅੰਦਰ ਗਵਰਨਰਾਂ ਰਾਹੀਂ ਰਾਸ਼ਟਰਪਤੀ ਦੇ ਨਾਮ 'ਰੋਸ ਪੱਤਰ' ਦੇਣ ਦੇ ਸੱਦੇ ਉੱਪਰ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਅੰਦਰ ਜਿਸ ਤਰ੍ਹਾਂ ਜਨ ਸੈਲਾਬ ਪਹੁੰਚਿਆ, ਉਸ ਨੇ ਜਿਹੜੀਆਂ ਤਾਕਤਾਂ ਲਗਾਤਾਰ ਪ੍ਰਚਾਰ ਕਰ ਰਹੀਆਂ ਸਨ ਕਿ ਅੰਦੋਲਨ ਅੰਦਰ ਨੌਜਵਾਨਾਂ ਦੀ ਗਿਣਤੀ ਘਟ ਰਹੀ ਹੈ, ਅੰਦੋਲਨ ਲੰਮਾ ਹੋਣ ਕਰਕੇ ਇਸ ਅੰਦਰ ਨੀਰਸਤਾ ਆ ਗਈ ਹੈ, ਉਨ੍ਹਾਂ ਸਾਰਿਆਂ ਨੂੰ ਇਸ ਸਫ਼ਲ ਪ੍ਰੋਗਰਾਮ ਨੇ ਜਵਾਬ ਦਿੱਤਾ ਹੈ ਕਿ ਕਿਸਾਨ ਜਥੇਬੰਦੀਆਂ ਦੀ ਤਾਕਤ ਅੱਜ ਵੀ ਪਹਿਲਾਂ ਵਾਂਗ ਕਾਇਮ ਹੈ। ਉਨ੍ਹਾਂ ਦਾ ਜਨ ਆਧਾਰ ਲਗਾਤਾਰ ਵਧ ਰਿਹਾ ਹੈ। ਇਸ ਪ੍ਰੋਗਰਾਮ ਨੇ ਇਹ ਵੀ ਸਾਬਤ ਕਰ ਦਿੱਤਾ ਸੀ ਕਿ ਮੋਰਚੇ ਦੇ ਸੱਦੇ ਦਾ ਅਸਰ ਹੁਣ ਪੂਰੇ ਦੇਸ਼ ਪੱਧਰ 'ਤੇ ਫੈਲ ਚੁੱਕਾ ਹੈ।

ਕਿਸਾਨ ਲੀਡਰਸ਼ਿਪ ਦੀ ਯੋਗ ਅਗਵਾਈ ਹੇਠ ਉਲੀਕਿਆ ਪਾਰਲੀਮੈਂਟ ਸਾਹਮਣੇ ਰੋਸ ਧਰਨਾ ਸਫ਼ਲਤਾਪੂਰਵਕ ਨੇਪਰੇ ਚੜ੍ਹ ਚੁੱਕਾ ਹੈ। ਇਹ ਪ੍ਰੋਗਰਾਮ ਪਿਛਲੇ ਕਾਫੀ ਲੰਮੇ ਸਮੇਂ ਤੋਂ ਕਿਸਾਨ ਲੀਡਰਸ਼ਿਪ ਦੇ ਵਿਚਾਰ ਅਧੀਨ ਸੀ ਪਰ ਆਗੂਆਂ ਸਾਹਮਣੇ ਚੁਣੌਤੀ 26 ਜਨਵਰੀ ਦੇ ਪ੍ਰੋਗਰਾਮ ਨੂੰ ਫੇਲ੍ਹ ਕਰਨ ਵਾਲੀਆਂ ਸਰਕਾਰੀ ਅਤੇ ਗ਼ੈਰ ਸਰਕਾਰੀ ਧਿਰਾਂ ਤੋਂ ਬਚਾਅ ਕੇ ਕਾਮਯਾਬੀ ਨਾਲ ਨੇਪਰੇ ਚਾੜ੍ਹਨ ਦੀ ਸੀ। ਕਿਸਾਨ ਜਥੇਬੰਦੀਆਂ ਦੀ ਲੰਮੀ ਸੋਚ ਵਿਚਾਰ ਤੋਂ ਬਾਅਦ ਇਸ ਦੇ ਮੌਜੂਦਾ ਸਰੂਪ ਨੂੰ ਅਮਲ ਵਿਚ ਲਿਆਉਣਾ ਹੀ ਸਫ਼ਲ ਅਤੇ ਹੰਢੀ-ਵਰਤੀ ਲੀਡਰਸ਼ਿਪ ਦੀ ਯੋਗਤਾ 'ਤੇ ਮੋਹਰ ਸਾਬਿਤ ਹੋਇਆ। ਕਿਸਾਨ ਆਗੂਆਂ ਨੇ ਦੁਨੀਆ ਦੇ ਇਤਿਹਾਸ ਅੰਦਰ ਪਹਿਲੀ ਵਾਰ ਦੇਸ਼ ਦੀ ਵਿਰੋਧੀ ਧਿਰ ਨੂੰ 'ਵੋਟਰ ਵ੍ਹਿਪ' ਜਾਰੀ ਕਰਕੇ ਪਾਰਲੀਮੈਂਟ ਦੇ ਸੈਸ਼ਨ ਅੰਦਰ ਖੇਤੀ ਕਾਨੂੰਨ ਰੱਦ ਕਰਵਾਉਣ ਲਈ ਕੰਮ ਕਰਨ ਲਈ ਕਿਹਾ। ਇਸ ਦਾ ਅਸਰ ਇਸ ਵਾਰ ਦੇ ਸਾਰੇ ਸੈਸ਼ਨ ਵਿਚ ਦੇਖਣ ਨੂੰ ਮਿਲਿਆ।

ਕਿਸਾਨ ਆਗੂਆਂ ਦੀ ਯੋਗਤਾ ਨੇ ਪਾਰਲੀਮੈਂਟ ਦੇ ਮੌਨਸੂਨ ਸੈਸ਼ਨ ਜੋ 22 ਜੁਲਾਈ ਤੋਂ ਸ਼ੁਰੂ ਹੋਇਆ ਸੀ, ਦੇ ਬਰਾਬਰ ਰੋਜ਼ਾਨਾ 200 ਵਲੰਟੀਅਰ ਬਕਾਇਦਾ ਮੋਰਚੇ ਦੀ ਰਣਨੀਤੀ ਅਨੁਸਾਰ ਭੇਜਣ ਦਾ ਐਲਾਨ ਕੀਤਾ। ਇਸ ਐਲਾਨ ਦੇ ਨਾਲ ਹੀ ਵਲੰਟੀਅਰਾਂ ਨੂੰ ਸਰਕਾਰ ਦੇ ਹਰ ਜਬਰ ਦਾ ਸਬਰ ਨਾਲ ਮੁਕਾਬਲਾ ਕਰਨ ਅਤੇ ਲੋੜ ਪੈਣ 'ਤੇ ਗ੍ਰਿਫ਼ਤਾਰੀਆਂ ਦੇਣ ਦੇ ਫ਼ੈਸਲੇ ਨੇ ਸਰਕਾਰ ਨੂੰ ਮੁਸ਼ਕਿਲ ਹਾਲਤ ਵਿਚ ਫਸਾ ਦਿੱਤਾ। ਗ੍ਰਿਫ਼ਤਾਰੀਆਂ ਦੀ ਸੂਰਤ ਵਿਚ ਜੇਲ੍ਹ ਜਾਣ ਵਾਲੇ ਕਿਸਾਨਾਂ ਨੂੰ ਜ਼ਮਾਨਤਾਂ ਨਾ ਕਰਵਾਉਣ ਦੇ ਫ਼ੈਸਲੇ ਨੇ ਸਰਕਾਰ ਨੂੰ ਪਿੱਛੇ ਹਟਣ ਲਈ ਮਜਬੂਰ ਕਰ ਦਿੱਤਾ।

ਉੱਧਰ ਇਸ ਐਲਾਨ ਦੇ ਨਾਲ ਹੀ ਮੋਰਚੇ ਦੇ ਆਗੂਆਂ ਨੇ ਜਿੱਥੇ ਪਹਿਲਾਂ ਸਰਕਾਰ ਨਾਲ ਗੱਲਬਾਤ ਕਰਨ ਜਾਣ ਵਾਲੀਆਂ 40 ਜਥੇਬੰਦੀਆਂ ਨੂੰ ਇਸ ਐਕਸ਼ਨ ਵਿਚ ਪਾਉਣ ਦੀ ਯੋਜਨਾ ਸੀ, ਜਿਸ ਅਨੁਸਾਰ ਹਰ ਜਥੇਬੰਦੀ ਨੂੰ ਰੋਜ਼ਾਨਾ ਪੰਜ ਵਲੰਟੀਅਰਾਂ ਦੀ ਲਿਸਟ ਜਮ੍ਹਾਂ ਕਰਵਾਉਣ ਦਾ ਫ਼ੈਸਲਾ ਸੀ ਪਰ ਦੇਸ਼ ਪੱਧਰ 'ਤੇ ਵੱਖ ਵੱਖ ਕਿਸਾਨ ਜਥੇਬੰਦੀਆਂ ਦੇ ਇਸ ਪ੍ਰੋਗਰਾਮ ਸਬੰਧੀ ਉਤਸ਼ਾਹ ਕਾਰਨ ਮੋਰਚੇ ਨੂੰ ਆਪਣੀ ਰਣਨੀਤੀ ਬਦਲਣੀ ਪਈ ਅਤੇ ਪਹਿਲਾਂ ਤੈਅ ਕੀਤਾ ਕੋਟਾ ਘਟਾ ਕੇ ਤਿੰਨ ਕਰਨਾ ਪਿਆ। ਦੇਸ਼ ਭਰ ਵਿਚੋਂ ਆ ਰਹੀਆਂ ਕਿਸਾਨ ਪ੍ਰਤੀਨਿਧਾਂ ਦੀਆਂ ਬੇਨਤੀਆਂ ਨੂੰ ਧਿਆਨ ਵਿਚ ਰੱਖਦੇ ਹੋਏ ਮੋਰਚੇ ਦੇ ਆਗੂਆਂ ਨੂੰ ਰੋਜ਼ਾਨਾ ਇਸ ਦੀ ਰਣਨੀਤੀ ਤੈਅ ਕਰਨੀ ਪੈਂਦੀ। ਇਸ ਦਾ ਹਿੱਸਾ ਬਣਨ ਲਈ ਇਸ ਅੰਦੋਲਨ ਦੇ ਹਮਾਇਤੀਆਂ ਵਿਚ ਭਾਰੀ ਉਤਸ਼ਾਹ ਹੋਣ ਕਰਕੇ ਸਾਰਿਆਂ ਨੂੰ ਭੇਜਣਾ ਸੰਭਵ ਨਹੀਂ ਸੀ ਪਰ ਇਸ ਦੇ ਬਾਵਜੂਦ ਕੁਝ ਮਹੱਤਵਪੂਰਨ ਸੰਸਥਾਵਾਂ ਜਿਨ੍ਹਾਂ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ ਸ਼ਾਮਿਲ ਹੈ, ਦੇ ਵਫ਼ਦ ਇਸ ਦਾ ਹਿੱਸਾ ਬਣਨ ਵਿਚ ਕਾਮਯਾਬ ਹੋਏ। ਪੂਰੇ ਦੇਸ਼ ਭਰ ਵਿਚੋਂ ਵੱਖ ਵੱਖ ਸੂਬਿਆਂ ਦੇ ਪ੍ਰਤੀਨਿਧਾਂ ਨੇ ਇਸ ਸੰਸਦ ਦਾ ਹਿੱਸਾ ਬਣ ਕੇ ਇਹ ਸਾਬਤ ਕਰ ਦਿੱਤਾ ਕਿ ਇਹ ਅੰਦੋਲਨ ਹੁਣ ਪੂਰੇ ਭਾਰਤ ਦਾ ਅੰਦੋਲਨ ਹੈ। ਸ਼ਾਇਦ ਹੀ ਭਾਰਤ ਦਾ ਕੋਈ ਐਸਾ ਸੂਬਾ ਹੋਵੇਗਾ ਜਿਸ ਦਾ ਪ੍ਰਤੀਨਿਧ ਇਸ ਦਾ ਹਿੱਸਾ ਨਾ ਬਣ ਸਕਿਆ ਹੋਵੇ।

ਕਿਸਾਨ ਆਗੂਆਂ ਦੀ ਦੂਰਅੰਦੇਸ਼ੀ ਵਾਲੀ ਸੋਚ ਨੇ ਸਰਕਾਰੀ ਪਾਰਲੀਮੈਂਟ ਦੇ ਬਰਾਬਰ ਜਨ ਸੰਸਦ ਲਾਉਣ ਦਾ ਐਲਾਨ ਕਰਕੇ ਸਰਕਾਰੀ ਪਾਰਲੀਮੈਂਟ ਮੈਂਬਰਾਂ ਦੇ ਮੁਕਾਬਲੇ ਆਪਣੇ ਜਨ ਪ੍ਰਤੀਨਿਧੀ ਭੇਜਣ ਅਤੇ ਪਾਰਲੀਮੈਂਟ ਦੀ ਤਰਜ਼ 'ਤੇ ਸਪੀਕਰ ਤੇ ਡਿਪਟੀ ਸਪੀਕਰ ਬਣਾ ਕੇ ਖੇਤੀ ਕਾਨੂੰਨਾਂ 'ਤੇ ਬਹਿਸ ਕਰਵਾਉਣ ਦਾ ਐਲਾਨ ਕਰ ਦਿੱਤਾ। ਦੁਨੀਆ ਦੇ ਇਤਿਹਾਸ ਅੰਦਰ ਨਿਵੇਕਲਾ ਅਧਿਆਇ ਇਸ ਪ੍ਰੋਗਰਾਮ ਨੇ ਲਿਖ ਦਿੱਤਾ। ਇਸ ਪ੍ਰੋਗਰਾਮ ਦੀ ਸਫ਼ਲਤਾ ਨੇ ਪੂਰੀ ਦੁਨੀਆ ਦਾ ਧਿਆਨ ਇਕ ਵਾਰ ਫਿਰ ਪਿਛਲੇ ਅੱਠ ਮਹੀਨਿਆਂ ਤੋਂ ਅੰਦੋਲਨ ਕਰ ਰਹੇ ਕਿਸਾਨਾਂ ਦੀਆਂ ਮੰਗਾਂ ਖੇਤੀ ਵਿਰੋਧੀ ਤਿੰਨ ਕਾਲੇ ਕਾਨੂੰਨਾਂ ਨੂੰ ਰੱਦ ਕਰਵਾਉਣ ਵੱਲ ਖਿੱਚਿਆ। ਇਸ ਸੰਸਦ ਅੰਦਰ ਦੋ ਦਿਨ 26 ਜੁਲਾਈ ਅਤੇ 9 ਅਗਸਤ ਕਿਸਾਨ ਔਰਤਾਂ ਦੀ ਸੰਸਦ ਚਲਾ ਕੇ ਸੁਨੇਹਾ ਦਿੱਤਾ ਕਿ ਕਿਸਾਨ ਔਰਤਾਂ ਦੀ ਵੀ ਇਸ ਅੰਦੋਲਨ ਅੰਦਰ ਬਰਾਬਰ ਦੀ ਭਾਈਵਾਲੀ ਹੈ। ਇਸ ਸੰਸਦ ਵਿਚ ਕਿਸਾਨ ਪ੍ਰਤੀਨਿਧਾਂ ਤੋਂ ਇਲਾਵਾ ਉੱਘੇ ਖੇਤੀ ਆਰਥਿਕ ਮਾਹਿਰ ਦਵਿੰਦਰ ਸ਼ਰਮਾ, ਜਤਿੰਦਰ ਸਿੰਘ ਘੁੰਮਣ, ਪ੍ਰੋ. ਸੁੱਚਾ ਸਿੰਘ ਗਿੱਲ ਨੇ ਸੰਬੋਧਨ ਕੀਤਾ।

ਕਿਸਾਨ ਸੰਸਦ ਬਾਰੇ ਜਿੱਥੇ ਦੇਸ਼ ਦੇ ਪ੍ਰਚਾਰ ਮੀਡੀਆ, ਸਮੇਤ ਗੋਦੀ ਮੀਡੀਆ ਨੇ ਨੋਟਿਸ ਲਿਆ, ਉੱਥੇ ਵਿਦੇਸ਼ੀ ਮੀਡੀਆ ਨੇ ਇਸ ਦੀ ਖਾਸ ਕਵਰੇਜ ਕਰਕੇ ਇਸ ਨੂੰ ਪੂਰੀ ਦੁਨੀਆ ਦੇ ਸਾਹਮਣੇ ਪੇਸ਼ ਕੀਤਾ। ਕਿਸਾਨ ਪਾਰਲੀਮੈਂਟ ਵਿਚ ਰੋਜ਼ਾਨਾ ਖੇਤੀ ਬਿੱਲਾਂ 'ਤੇ ਬਹਿਸ ਕਰਕੇ ਉਨ੍ਹਾਂ ਨੂੰ ਰੱਦ ਕਰਨ ਦਾ ਫ਼ੈਸਲਾ ਪ੍ਰੈੱਸ ਅੰਦਰ ਚਰਚਾ ਦਾ ਵਿਸ਼ਾ ਰਿਹਾ। ਉੱਥੇ ਆਖਰੀ ਦਿਨ 9 ਅਗਸਤ ਨੂੰ ਮਹਾਤਮਾ ਗਾਂਧੀ ਵੱਲੋਂ ਉਸ ਦਿਨ 'ਅੰਗਰੇਜ਼ੋ ਭਾਰਤ ਛੱਡੋ' ਦੇ ਨਾਹਰੇ ਨੂੰ ਬੁਲੰਦ ਕਰਦਿਆਂ ਕੇਂਦਰ ਸਰਕਾਰ ਖ਼ਿਲਾਫ਼ ਬੇਭਰੋਸਗੀ ਮਤਾ ਪਾਸ ਕਰਕੇ ਮੰਗ ਕੀਤੀ ਕਿ 'ਕਾਰਪੋਰੇਟ ਖੇਤੀ ਛੱਡੋ, ਮੋਦੀ ਗੱਦੀ ਛੱਡੋ' ਨਾਲ ਇਹ ਸੰਸਦ ਸਮਾਪਤ ਕੀਤੀ। ਇਸ ਸੰਸਦ ਦੀ ਖ਼ਾਸ ਗੱਲ ਇਹ ਰਹੀ ਕਿ ਦੁਨੀਆ ਦੇ ਇਤਿਹਾਸ ਅੰਦਰ ਵਿਰੋਧੀ ਧਿਰ ਦੇ ਐੱਮਪੀ ਸਰਕਾਰੀ ਪਾਰਲੀਮੈਂਟ ਛੱਡ ਕੇ ਕਿਸਾਨ ਪਾਰਲੀਮੈਂਟ ਵਿਚ ਬਤੌਰ ਦਰਸ਼ਕ ਗੈਲਰੀ ਵਿਚ ਬੈਠ ਕੇ ਇਸ ਅੰਦੋਲਨ ਦੀ ਹਮਾਇਤ ਵਿਚ ਹਾਜ਼ਰੀ ਭਰੀ। ਉੱਥੇ ਇਨ੍ਹਾਂ ਨੂੰ ਸਿਰਫ਼ ਬੈਠ ਕੇ ਦੇਖਣ ਦੀ ਇਜਾਜ਼ਤ ਸੀ, ਇਹ ਸਭ ਕੁਝ ਕਿਸਾਨ ਅੰਦੋਲਨ ਦੀ ਲਗਾਤਾਰ ਵਧ ਰਹੀ ਤਾਕਤ ਦਾ ਸਿੱਟਾ ਹੈ।

**ਲਖਬੀਰ ਸਿੰਘ ਨਿਜਾਮਪੁਰ**
**ਸੰਪਰਕ: 94179-56105**

# ਹਕੀਕੀ ਸਿੱਖਿਆ ਦੀ ਅਣਹੋਂਦ ਵਿਚ

ਜਦੋਂ ਬੋਰਡ ਦੀਆਂ ਪ੍ਰੀਖਿਆਵਾਂ ਵਿਚ ਅੰਕਾਂ ਦੇ ਖੁੱਲ੍ਹੇ ਗੱਫ਼ੇ ਵੰਡੇ ਜਾ ਰਹੇ ਹੋਣ ਤੇ ਕੋਚਿੰਗ ਕੇਂਦਰਾਂ ਦਾ ਧੰਦਾ ਖ਼ੂਬ ਫ਼ਲ-ਫੁੱਲ ਰਿਹਾ ਹੋਵੇ ਤਾਂ ਅਸਲ ਵਿਦਿਆ ਤੇ ਸਾਰਥਕ ਸਿੱਖਿਆ ਦੀ ਫ਼ਿਕਰ ਕੌਣ ਕਰੇ? ਜਾਂ ਫਿਰ ਮਾਪਿਆਂ ਅਤੇ ਅਧਿਆਪਕਾਂ ਦੇ ਰੂਪ ਵਿਚ ਅਸੀਂ ਸਮੂਹਿਕ ਤੌਰ 'ਤੇ ਭਾਣਾ ਮੰਨ ਲਿਆ ਹੈ ਕਿ ਪ੍ਰੀਖਿਆਵਾਂ ਦੇ ਆਡੰਬਰ ਤੋਂ ਬਿਨਾ ਅਸਲ ਸਿੱਖਿਆ ਨਾਂ ਦੀ ਕੋਈ ਸ਼ੈਅ ਨਹੀਂ ਹੁੰਦੀ, ਸਾਡੇ ਵਲੋਂ ਸਿੱਖਿਆ ਦੇ ਅਨੁਭਵ ਦੇ ਮਿਕਦਾਰੀਕਰਨ ਦਾ ਖ਼ਬਤ ਪਾਲ਼ਿਆ ਹੋਇਆ ਹੈ ਅਤੇ ਟੈਕਨੋ-ਆਰਥਿਕ ਸ਼ਕਤੀ ਦੇ ਮਕਾਨਕੀ ਤਰਕ ਵਲੋਂ ਪਰਿਭਾਸ਼ਤ ਸਫ਼ਲਤਾ ਦੇ ਮਿੱਥ ਦੀ ਪੂਜਾ ਕੀਤੀ ਜਾ ਰਹੀ ਹੈ? ਆਪਣੇ ਆਲੇ-ਦੁਆਲੇ ਹਰ ਕਿਸਮ ਦੇ ਕੋਚਿੰਗ ਕੇਂਦਰਾਂ ਦੇ ਬ੍ਰਾਂਡ ਅੰਬੈਸਡਰ ਬਣੇ 'ਟੌਪਰਾਂ' ਦੀਆਂ ਘੁੰਮਦੀਆਂ ਤਸਵੀਰਾਂ ਅਤੇ ਖੁੰਬਾਂ ਵਾਂਗ ਉਗਦੀਆਂ ਸਿੱਖਿਆ ਦੀਆਂ ਦੁਕਾਨਾਂ ਦੇ ਚੁੰਧਿਆ ਦੇਣ ਵਾਲੇ ਇਸ਼ਤਿਹਾਰ ਦੇਖੋ ਜੋ ਹੋਟਲ ਮੈਨੇਜਮੈਂਟ, ਫੈਸ਼ਨ ਡਿਜ਼ਾਈਨਿੰਗ ਜਾਂ ਸੂਚਨਾ ਤਕਨਾਲੋਜੀ ਜਿਹੇ ਕੋਰਸ ਕਰਵਾਉਂਦੀਆਂ ਹਨ ਤੇ ਪਲੇਸਮੈਂਟਾਂ ਅਤੇ ਭਾਰੀ ਭਰਕਮ ਪੈਕੇਜਾਂ ਦਾ ਬਿਰਤਾਂਤ ਸਿਰਜ ਕੇ ਸੰਭਾਵੀ ਗਾਹਕਾਂ ਨੂੰ ਲਲਚਾਉਂਦੀਆਂ ਹਨ। ਕਿਸੇ ਵੀ ਕਸਬੇ ਜਾਂ ਸ਼ਹਿਰ ਵਿਚ ਘੁੰਮ ਕੇ ਕਿਤਾਬਾਂ ਦੀਆਂ ਦੁਕਾਨਾਂ 'ਤੇ ਨਿਗਾਹ ਮਾਰੋ, ਦੇਖੋ ਕਿਵੇਂ ਹਰ ਕਿਸਮ ਦੀ ਸਫ਼ਲਤਾ ਦੇ ਮੰਤਰਾਂ ਵਾਲੀਆਂ ਗਾਈਡਾਂ ਨੇ ਚੇਤਨਾ ਦੀਆਂ ਬੂਹੇ ਬਾਰੀਆਂ ਖੋਲ੍ਹਣ ਵਾਲੇ ਜਾਂ ਮਨੁੱਖੀ ਸੰਵੇਦਨਾ ਤੇ ਨਿਰਖ ਪਰਖ ਕਰਨ ਦੀ ਕੁੱਵਤ ਬਖ਼ਸ਼ਣ ਵਾਲੇ ਸਾਹਿਤ ਨੂੰ ਹੂੰਝ ਕੇ ਪਰ੍ਹੇ ਸੁੱਟਿਆ ਹੋਇਆ ਹੈ।

ਅਜਿਹੇ ਕਿਸੇ ਵਿਦਿਆਰਥੀ ਦੀ ਹੋਣੀ ਦਾ ਕਿਆਸ ਕਰੋ ਜਿਸ ਨੂੰ ਉਸ ਦੇ ਘਾਬਰੇ ਮਾਪਿਆਂ ਵਲੋਂ ਇਹੀ ਗੁੜ੍ਹਤੀ ਦਿੱਤੀ ਜਾਂਦੀ ਹੈ ਕਿ 'ਟੌਪਰ' ਰਹਿਣ ਦੀ ਖ਼ਾਹਿਸ਼ (ਬੋਰਡ ਪ੍ਰੀਖਿਆਵਾਂ ਵਿਚ 99 ਫ਼ੀਸਦ ਅੰਕ ਲੈਣ ਦੇ ਖ਼ਬਤ), ਆਈਟੀਟੀ-ਜੇਈਈ ਦਾਖ਼ਲਾ ਟੈਸਟ ਪਾਸ ਕਰਨ ਦੀ ਜੁਗਤ ਅਤੇ ਤੇਜ਼ ਦੌੜਨ ਤੇ ਦੂਜਿਆਂ ਨੂੰ ਪਛਾੜ ਕੇ ਅੱਗੇ ਵਧਣ ਦੀ ਮੁਕਾਬਲੇ ਦੀ ਭਾਵਨਾ ਤੋਂ ਬਿਨਾ ਜ਼ਿੰਦਗੀ ਵਿਚ ਹੋਰ ਕਿਸੇ ਚੀਜ਼ ਦਾ ਕੋਈ ਮੁੱਲ ਨਹੀਂ। ਕਿਸੇ ਅਜਿਹੇ ਵਿਦਿਆਰਥੀ ਦੀ ਚੇਤਨਾ ਦੀ ਹਾਲਤ ਦਾ ਕਿਆਸ ਕਰ ਕੇ ਦੇਖੋ ਜਿਸ ਨੂੰ ਉਸ ਦੇ ਕੋਚਿੰਗ ਕੇਂਦਰਾਂ ਦੇ 'ਗੁਰੂਆਂ' ਵਲੋਂ ਸਿਰਫ਼ ਇਹ ਪਾਠ ਪੜ੍ਹਾਇਆ ਜਾਂਦਾ ਹੈ ਕਿ ਦਾਖ਼ਲਾ ਟੈਸਟਾਂ ਵਿਚ ਸਫ਼ਲਤਾ ਲਈ ਜ਼ਰੂਰੀ ਮੰਤਰ ਰਟਣ ਤੋਂ ਇਲਾਵਾ ਭੌਤਿਕ ਸ਼ਾਸਤਰ, ਰਸਾਇਣ ਸ਼ਾਸਤਰ ਅਤੇ ਗਣਿਤ ਤੇ ਜੈਵ ਸ਼ਾਸਤਰ ਵਿਚ ਤਲਾਸ਼ ਕਰਨ ਵਾਲਾ ਹੋਰ ਕੁਝ ਵੀ ਨਹੀਂ ਹੈ; ਜਾਂ ਫਿਰ ਉਸ ਘੜੀ ਦਾ ਤਸੱਵੁਰ ਕਰੋ ਜਦੋਂ ਕਿਸੇ ਨੂੰ ਆਪਣੇ ਅੰਤਰ ਮਨ ਦੀ ਆਵਾਜ਼ ਸੁਣਨ, ਆਪਣੀਆਂ ਮਖ਼ਸੂਸ ਰੁਚੀਆਂ ਨੂੰ ਸਮਝਣ ਦਾ ਮੌਕਾ ਮਿਲਦਾ ਹੈ ਜਦੋਂ ਉਸ ਨੂੰ ਟੈਕਨੋ-ਵਿਗਿਆਨ, ਕਾਮਰਸ ਤੇ ਮੈਨੇਜਮੈਂਟ ਦੇ ਸਫ਼ਲਤਾ ਦੇ ਤੈਅਸ਼ੁਦਾ ਪੰਧ 'ਤੇ ਚੱਲਣ ਲਈ ਮਜਬੂਰ ਕੀਤਾ ਜਾਂਦਾ ਹੋਵੇ। ਇਹ ਮਨੁੱਖੀ ਸੰਭਾਵਨਾਵਾਂ ਨੂੰ ਕਤਲ ਕਰਨ ਦੇ ਤੁੱਲ ਹੈ; ਇਕ ਕਿਸਮ ਦੀ ਅਲਹਿਦਗੀ ਹੈ ਅਤੇ ਇਸ ਦਾ ਮਨੋਰਥ ਕੁੰਠਿਤ ਹਜੂਮੀ ਵਿਹਾਰ ਪੈਦਾ ਕਰਨਾ ਹੁੰਦਾ ਹੈ।


ਬਹੁਤ ਜ਼ਿਆਦਾ ਆਬਾਦੀ ਵਾਲੇ ਸਾਡੇ ਵਰਗੇ ਮੁਲ਼ਕ ਵਿਚ ਅਸੀਂ ਢਾਂਚੇ ਦੀਆਂ ਭਿਅੰਕਰ ਮਜਬੂਰੀਆਂ ਵਿਚ ਜਿਊਂਦੇ ਹਾਂ। ਵਸੀਲਿਆਂ ਅਤੇ ਅਵਸਰਾਂ ਦੀ ਕਮੀ ਵਿਚ ਬੇਰੁਜ਼ਗਾਰੀ ਦਾ ਭੂਤ ਸਾਨੂੰ ਡਰਾਉਂਦਾ ਰਹਿੰਦਾ ਹੈ, ਬੇਹਿਸਾਬ ਸਮਾਜਿਕ-ਆਰਥਿਕ ਅਸਮਾਨਤਾ ਸਾਡੇ ਵਿਚੋਂ ਬਹੁਤ ਸਾਰੇ ਲੋਕਾਂ ਨੂੰ ਇਹ ਸੋਚਣ ਲਈ ਮਜਬੂਰ ਕਰਦੀ ਹੈ ਕਿ ਨੌਕਰੀ ਦਿਵਾਉਣ 'ਚ ਸਹਾਈ ਹੋਣ ਵਾਲੀ ਤਕਨੀਕੀ ਸਿੱਖਿਆ ਜਾਂ ਕੋਈ ਹੁਨਰਮੰਦੀ ਦੇ ਸਹਾਰੇ ਹੀ ਕੋਈ ਸ਼ਖਸ ਸਮਾਜ ਦੇ ਉਪਰਲੇ ਪੱਧਰ 'ਤੇ ਪਹੁੰਚ ਸਕਦਾ ਹੈ। ਇਸ ਕਰ ਕੇ ਹੈਰਾਨੀ ਨਹੀਂ ਹੁੰਦੀ ਕਿ ਹਰ ਜਗ੍ਹਾ ਦਿਲਕਸ਼ ਨਾਵਾਂ ਵਾਲੇ ਅੰਗਰੇਜ਼ੀ ਮਾਧਿਅਮ ਦੇ ਸਕੂਲ ਖੁੱਲ੍ਹ ਗਏ ਹਨ, ਕੰਟਰੈਕਟਰਾਂ ਤੇ ਸਿਆਸਤਦਾਨਾਂ ਦੇ ਸਾਂਝੇ ਨਿਵੇਸ਼ ਜ਼ਰੀਏ ਧੜਾਧੜ ਇੰਜਨੀਅਰਿੰਗ/ਮੈਨੇਜਮੈਂਟ/ ਬੀਐੱਡ ਕਾਲਜ ਖੁੱਲ੍ਹ ਗਏ ਹਨ। ਰਾਜਸਥਾਨ ਦਾ ਕੋਟਾ ਸ਼ਹਿਰ ਬ੍ਰਾਂਡਿਡ ਕੋਚਿੰਗ ਕੇਂਦਰਾਂ ਲਈ ਮਸ਼ਹੂਰ ਹੈ ਜੋ ਦਿਹਾਤੀ ਹੀ ਨਹੀਂ ਸਗੋਂ ਸ਼ਹਿਰੀ ਲਾਲਸੀ ਸ਼੍ਰੇਣੀ ਦੇ ਸੁਪਨਿਆਂ ਦਾ ਵੀ ਪ੍ਰਤੀਕ ਬਣ ਗਿਆ ਹੈ; ਤੇ ਜਦੋਂ ਕਿਸੇ ਮੱਧ ਵਰਗੀ ਪਰਿਵਾਰ ਦਾ ਬੱਚਾ ਬੀਟੈੱਕ/ਐੱਮਬੀਏ ਦੀ ਡਿਗਰੀ ਲੈ ਕੇ ਯੂਰੋ-ਅਮਰੀਕਨ ਦੁਨੀਆ ਵੱਲ ਪਰਵਾਸ ਕਰ ਜਾਂਦਾ ਹੈ ਤਾਂ ਉਹ ਟੌਹਰ ਨਾਲ ਫੁੱਲ ਕੇ ਕੁੱਪ ਬਣ ਜਾਂਦਾ ਹੈ। ਇਕ ਲੇਖੇ ਇਹ ਭਾਰੂ ਸੋਝੀ ਦਾ ਸਮਾਜ ਸ਼ਾਸਤਰ ਹੈ ਜੋ ਭਾਰਤ ਵਿਚ ਸਿੱਖਿਆ ਦੀ ਰਵਾਇਤ ਬਣ ਚੁੱਕਿਆ ਹੈ।

ਬਹਰਹਾਲ, ਜਦੋਂ ਬਾਜ਼ਾਰ ਸੇਧਤ ਇਹ ਸਹੂਲਤ ਸਾਨੂੰ ਮਿਲ ਰਹੀ ਹੈ ਤਾਂ ਅਸੀਂ ਕੁਝ ਬਹੁਤ ਹੀ ਗਹਿਰੀ ਤੇ ਪਾਏਦਾਰ ਚੀਜ਼ ਦੀ ਕਮੀ ਮਹਿਸੂਸ ਕਰ ਰਹੇ ਹਾਂ, ਤੇ ਜੇ ਅਸੀਂ ਇਸ ਦੀ ਸਾਰ ਨਾ ਲਈ ਤਾਂ ਅਸੀਂ ਆਪਣੇ ਸਮਾਜ ਦਾ ਬਹੁਤ ਹੀ ਵੱਡਾ ਬੌਧਿਕ, ਰੂਹਾਨੀ ਤੇ ਸਿਆਸੀ-ਨੈਤਿਕ ਹਰਜਾ ਕਰ ਬੈਠਾਂਗੇ। ਇਹਦੇ ਲਈ ਇਹ ਅਹਿਸਾਸ ਪੈਦਾ ਕਰਨ ਦੀ ਲੋੜ ਹੈ ਕਿ ਸਾਰਥਕ ਸਿੱਖਿਆ ਮਹਿਜ਼ ਕੋਈ ਸਿਖਲਾਈ ਜਾਂ ਹੁਨਰ ਦੀ ਸਿੱਖਿਆ ਲੈਣਾ ਜਾਂ ਤਕਨੀਕੀ ਕੁਸ਼ਲਤਾ ਹਾਸਲ ਕਰਨਾ ਨਹੀਂ ਹੁੰਦੀ; ਨਾ ਹੀ ਖਰੀ ਸਿੱਖਿਆ ਨੂੰ ਸਫ਼ਲਤਾ ਦੀ ਤੱਕੜੀ 'ਚ ਤੋਲਿਆ ਨਾਪਿਆ ਜਾ ਸਕਦਾ ਹੈ। ਇਹ ਅਹਿਸਾਸ ਜਗਾਉਣਾ ਵੀ ਓਨਾ ਹੀ ਅਹਿਮ ਹੈ ਕਿ ਸਾਡੇ ਬੱਚੇ ਕੋਈ 'ਸਰੋਤ' ਨਹੀਂ ਹਨ ਜਿਨ੍ਹਾਂ ਨੂੰ ਕੋਚਿੰਗ ਕੇਂਦਰਾਂ ਅਤੇ ਇੰਜਨੀਅਰਿੰਗ/ਮੈਨੇਜਮੈਂਟ ਦੇ ਕਾਲਜਾਂ ਵਿਚ ਸਿਖਲਾਈ ਦਿੱਤੀ ਜਾਵੇ ਅਤੇ ਫਿਰ ਟੈਕਨੋ-ਕਾਰਪੋਰੇਟ ਸਾਮਰਾਜ ਦੀ ਸੇਵਾ ਵਿਚ ਲਗਾ ਦਿੱਤਾ ਜਾਵੇ। ਸਾਡੇ ਬੱਚੇ ਸੰਭਾਵਨਾਵਾਂ ਨਾਲ ਸਰਸ਼ਾਰ ਹਨ; ਉਨ੍ਹਾਂ ਦਾ ਜਨਮ ਇਤਿਹਾਸ ਜਾਂ ਭੂਗੋਲ ਦੇ ਤੱਥਾਂ ਨੂੰ ਯਾਦ ਕਰਨ, ਭੌਤਿਕ, ਗਣਿਤ ਦੇ ਅੰਕਾਂ ਤੇ ਸਮੀਕਰਨ ਹੱਲ ਕਰਨ ਤੇ ਦਮਨਕਾਰੀ ਫ਼ਤਵੇਦਾਰ ਸਮਾਜ ਅੱਗੇ ਇਹ ਸਿੱਧ ਕਰਨ ਲਈ ਨਹੀਂ ਹੋਇਆ ਕਿ ਉਹ 'ਹੁਸ਼ਿਆਰ' ਤੇ 'ਹੋਣਹਾਰ' ਹਨ। ਆਓ, ਇਸ ਨੂੰ ਸਵੀਕਾਰਨਾ ਸ਼ੁਰੂ ਕਰੀਏ। ਸਾਡੇ ਬੱਚੇ ਕੋਈ ਪ੍ਰੀਖਿਆ ਲੜਾਕੇ ਨਹੀਂ ਸਗੋਂ ਸੰਭਾਵੀ ਤੌਰ 'ਤੇ ਜਗਿਆਸੂ, ਫਿਰਤੂ, ਖੋਜੀ ਹਨ; ਉਨ੍ਹਾਂ ਦੀਆਂ ਅੱਖਾਂ ਹਨ ਜਿਨ੍ਹਾਂ ਨਾਲ ਉਹ ਦੁਨੀਆ ਦੇਖਦੇ ਹਨ, ਦਿਮਾਗ ਹੈ ਜਿਸ ਨਾਲ ਗਿਆਨ ਤੇ ਬੋਧ ਮਿਲਦਾ ਹੈ, ਦਿਲ ਹੈ ਜਿਸ ਜ਼ਰੀਏ ਅਹਿਸਾਸ ਤੇ ਅਨੁਭਵ ਹੁੰਦਾ ਹੈ ਅਤੇ ਹੱਥ ਤੇ ਟੰਗਾਂ ਹਨ ਜਿਨ੍ਹਾਂ ਰਾਹੀਂ ਉਹ ਕੰਮ ਅੰਜਾਮ ਦਿੰਦੇ ਹਨ। ਸਾਰਥਕ ਸਿੱਖਿਆ ਬੁਨਿਆਦੀ ਤੌਰ 'ਤੇ ਅੰਦਰੂਨੀ ਮਹਿਕ ਖਿਲਾਰਨ ਦਾ ਸਿਲਸਿਲਾ ਹੈ; ਇਹ ਤਰਕ ਤੇ ਪਿਆਰ ਦੀਆਂ ਇਕਜੁੱਟ ਸ਼ਕਤੀਆਂ ਅਤੇ ਕਰਤਾਰੀ ਕਿਰਤ ਅਤੇ ਬੌਧਿਕ ਸੂਝ ਦੇ ਵਿਕਾਸ ਦੀ ਖੋਜ ਹੈ। ਸਿੱਖਿਆ ਚੇਤਨਾ ਦਾ ਜਸ਼ਨ ਹੈ। ਜ਼ਿੰਦਗੀ ਅਤੇ ਜਗਤ ਪ੍ਰਤੀ ਸੰਵੇਦਨਾ ਹੈ। ਸਿੱਖਿਆ ਕੋਈ ਰੱਟਾ ਪਾਠ ਨਹੀਂ ਹੁੰਦੀ ਨਾ ਹੀ ਇਹ ਸਰਕਾਰੀ ਸਿਲੇਬਸ ਦੇ ਚੌਖਟੇ ਵਿਚ ਕੈਦ ਹੋ ਕੇ ਰਹਿੰਦੀ ਹੈ। ਇਹ ਅਨੰਤ ਹੈ। ਇਹ ਵਿਗਿਆਨ ਦੀ ਜਗਿਆਸਾ ਹੈ, ਦਰਸ਼ਨ ਦਾ ਕਮਾਲ ਹੈ, ਕਵਿਤਾ ਦੀ ਰਚਨਾਤਮਿਕਤਾ ਹੈ, ਕਲਾਕਾਰ ਦਾ ਹੁਨਰ ਹੈ ਜਾਂ ਕਿਸੇ ਗਣਿਤ ਸ਼ਾਸਤਰੀ ਦੀ ਤਰਕਸ਼ੀਲਤਾ ਹੈ। ਕਾਬਲੀਅਤ ਜਾਂ ਜ਼ਹਾਨਤ ਕੋਈ ਮਾਪਣ ਵਾਲੀ ਸ਼ੈਅ ਨਹੀਂ ਹੁੰਦੀ ਸਗੋਂ ਇਹ ਆਪਣੇ ਆਪ ਵਿਚ ਸਿਫ਼ਤ ਹੁੰਦੀ ਹੈ; ਇਹ ਸਾਰਥਕਤਾ ਨਾਲ ਜਿਊਣ, ਕਰਤਾਰੀ ਸੰਤੁਸ਼ਟੀ ਨੂੰ ਸਫ਼ਲਤਾ ਦੇ ਬਾਹਰੀ ਨਿਸ਼ਾਨਾਂ ਤੋਂ ਨਿਖੇੜਨ ਅਤੇ ਸਾਧਾਰਨ ਨੂੰ ਅਸਾਧਾਰਨ ਵਿਚ ਤਬਦੀਲ ਕਰਨ ਦੀ ਕਾਬਲੀਅਤ ਹੁੰਦੀ ਹੈ।

ਬਹਰਹਾਲ, ਇਸ ਕਿਸਮ ਦੀ ਸੂਹਜ ਭਰੀ ਤੇ ਜ਼ਿੰਦਗੀ ਨੂੰ ਤਬਦੀਲ ਕਰਨ ਵਾਲੀ ਸਿੱਖਿਆ ਪਾਉਣ ਵਾਸਤੇ ਸਾਨੂੰ ਚੋਟੀ ਦੇ ਉਸਤਾਦ, ਗੂੜ੍ਹ ਵਿਦਵਾਨ ਤੇ ਮਾਹਿਰ ਅਤੇ ਸੰਵੇਦਨਸ਼ੀਲ ਮਾਪੇ ਦਰਕਾਰ ਹਨ। ਕਦੇ ਕਦਾਈਂ ਮੈਂ ਸੋਚਦਾ ਹਾਂ ਕਿ ਸੰਭਾਵੀ ਤੌਰ 'ਤੇ ਸਾਡੇ ਬਹੁਤੇ ਨੌਜਵਾਨਾਂ ਨੂੰ ਕਦੇ ਕੋਈ ਸੱਚਾ ਅਧਿਆਪਕ ਨਹੀਂ ਮਿਲ ਸਕੇਗਾ; ਮਸਲਨ ਰਾਬਿੰਦਰਨਾਥ ਟੈਗੋਰ, ਜਿੱਦੂ ਕ੍ਰਿਸ਼ਨਾਮੂਰਤੀ ਜਾਂ ਪਾਓਲੋ ਫ੍ਰੇਅਰ ਜਿਹਾ ਕੋਈ ਅਧਿਆਪਕ, ਜਾਂ ਕੋਈ ਅਜਿਹਾ ਉਸਤਾਦ ਜੋ ਜਗਿਆਸੂ ਦੀ ਆਤਮਾ ਟੁੰਬ ਸਕਦਾ ਹੋਵੇ। ਉਨ੍ਹਾਂ ਨੂੰ ਸਕੂਲ ਪ੍ਰਿੰਸੀਪਲ ਮਿਲੇ ਹੋਣਗੇ ਜੋ ਕਲਾਸਾਂ ਵਿਚ ਵਿਵਸਥਾ ਕਾਇਮ ਕਰਨ ਲਈ ਅਨੁਸ਼ਾਸਨ ਅਤੇ ਟੋਹਾਂ ਦੀਆਂ ਤਕਨਾਲੋਜੀਆਂ ਦੀ ਵਰਤੋਂ ਕਰਦੇ ਹਨ; ਉਨ੍ਹਾਂ ਨੂੰ 'ਮਾਹਿਰ' ਤੇ 'ਵਿਸ਼ੇਸ਼ੱਗ' ਮਿਲੇ ਹੋਣਗੇ ਅਤੇ ਉਨ੍ਹਾਂ ਨੂੰ ਹਰ ਕਿਸਮ ਦੇ ਕੋਚਿੰਗ 'ਗੁਰੂ' ਮਿਲੇ ਹੋਣਗੇ ਜਿਨ੍ਹਾਂ ਵਾਸਤੇ ਸਿੱਖਿਆ ਮੰਡੀ ਵਿਚ ਖ਼ਰੀਦੋ-ਫਰੋਖ਼ਤ ਵਾਲੀ ਕਿਸੇ ਸ਼ੈਅ ਨਾਲੋਂ ਵੱਧ ਨਹੀਂ ਹੁੰਦੀ। ਉਹ ਆਖਦਾ ਹੈ 'ਤੁਸੀਂ ਮੈਨੂੰ ਪੈਸਾ ਦਿਓ, ਮੈਂ ਤੁਹਾਨੂੰ ਸਫ਼ਲ ਹੋਣ ਦੇ ਮੰਤਰਾਂ ਦਾ ਪੈਕੇਜ ਦੇਵਾਂਗਾ'! ਤੇ ਸਿਤਮ ਦੀ ਗੱਲ ਇਹ ਹੈ ਕਿ ਮਾਪਿਆਂ ਦੇ ਤੌਰ 'ਤੇ ਸਾਨੂੰ ਵੀ ਇਸ ਕਿਸਮ ਦੀ ਅਲਾਮਤ ਨਾਲ ਚੱਲਣ ਵਿਚ ਕੋਈ ਔਖ ਮਹਿਸੂਸ ਨਹੀਂ ਹੋ ਰਹੀ।

**ਅਵਿਜੀਤ ਪਾਠਕ**
***ਲੇਖਕ ਸਮਾਜ ਸ਼ਾਸਤਰੀ ਹੈ।**

# ਬੌਲੀਵੁੱਡ ਵਿੱਚ ਕਲਾਕਾਰ ਵਜੋਂ ਮੈਂ ਫਿੱਟ ਨਹੀਂ ਬੈਠਦੀ: ਮਹਾਪਾਤਰਾ



**ਮੁੰਬਈ।** ਗਾਇਕਾ ਤੇ ਗੀਤਕਾਰਾ ਸੋਨਾ ਮਹਾਪਾਤਰਾ ਦਾ ਮੰਨਣਾ ਹੈ ਕਿ ਭਾਵੇਂ ਆਪਣੀਆਂ ਸ਼ਰਤਾਂ 'ਤੇ ਜ਼ਿੰਦਗੀ ਜਿਊਣ ਤੇ ਦਿਲ ਦੀ ਗੱਲ ਕਹਿ ਦੇਣ ਦੇ ਸੁਭਾਅ ਨੇ ਕਲਾਕਾਰ ਵਜੋਂ ਉਸ ਦੇ ਸਫ਼ਰ ਨੂੰ ਔਖਾ ਬਣਾ ਦਿੱਤਾ ਹੈ ਪਰ ਇਸ ਨੇ ਉਸ ਨੂੰ ਕਲਾਕਾਰ ਵਜੋਂ ਆਜ਼ਾਦੀ ਵੀ ਦਿੱਤੀ ਹੈ। 'ਸੋਨਾ ਨੇ ਕਿਹਾ, 'ਮੈਂ ਬੌਲੀਵੁੱਡ ਜਾਂ ਕਹਿ ਲਓ ਮੁੰਬਈ ਸੰਗੀਤ ਸਨਅਤ ਵਿੱਚ ਇੱਕ ਕਲਾਕਾਰ ਵਜੋਂ ਫਿੱਟ ਨਹੀਂ ਬੈਠਦੀ ਕਿਉਂਕਿ ਮੈਂ ਸਾਰਾ ਕੁਝ ਹਮੇਸ਼ਾ ਆਪਣੀਆਂ ਸ਼ਰਤਾਂ 'ਤੇ ਕਰਦੀ ਹਾਂ। ਇਸ ਲਈ ਫਿਲਮੀ ਸੰਗੀਤ ਵਿੱਚ ਕੁਦਰਤੀ ਤੌਰ 'ਤੇ ਮੇਰੇ ਲਈ ਕੰਮ ਦੇ ਘੱਟ ਮੌਕੇ ਹਨ। ਇਸੇ ਕਰਕੇ ਮੈਂ ਦੂਜੇ ਤੋਂ ਅੱਗੇ ਵਧਣ ਦੀ ਅੰਨ੍ਹੀ ਦੌੜ ਦਾ ਹਿੱਸਾ ਨਹੀਂ ਹਾਂ। ਜਦੋਂ ਤੋਂ ਮੈਂ ਸੰਗੀਤਕਾਰ ਵਜੋਂ ਆਪਣਾ ਸਫ਼ਰ ਸ਼ੁਰੂ ਕੀਤਾ ਹੈ, ਮੈਂ ਬੌਲੀਵੁੱਡ ਗੀਤਾਂ ਦੇ ਨੰਬਰਾਂ ਦੀ ਦੌੜ 'ਚ ਸ਼ਾਮਲ ਹੋਣ ਦੀ ਥਾਂ ਹਮੇਸ਼ਾ ਆਪਣੇ ਗਾਏ ਅਸਲ ਗੀਤਾਂ ਨੂੰ ਤਰਜੀਹ ਦਿੱਤੀ ਹੈ।'

# ਪਵਨਦੀਪ ਰਾਜਨ ਨੇ ਜਿੱਤਿਆ 'ਇੰਡੀਅਨ ਆਈਡਲ 12'

**ਮੁੰਬਈ।** ਗਾਇਕ ਪਵਨਦੀਪ ਰਾਜਨ ਨੇ ਰਿਐਲਿਟੀ ਸ਼ੋਅ 'ਇੰਡੀਅਨ ਆਈਡਲ 12' ਦਾ ਖਿਤਾਬ ਜਿੱਤ ਲਿਆ ਹੈ। ਉਸ ਦਾ ਕਹਿਣਾ ਹੈ ਕਿ ਇਸ ਜਿੱਤ ਨੇ ਉਸ ਨੂੰ ਹੋਰ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਹੈ। ਚੰਪਾਵਤ (ਉੱਤਰਾਖੰਡ) ਦੇ ਰਾਜਨ ਨੂੰ ਸੋਨੀ ਟੀਵੀ 'ਤੇ ਚੱਲੇ ਹੁਣ ਤੱਕ ਦੇ ਸਭ ਤੋਂ ਵੱਡੇ 12 ਘੰਟੇ ਦੇ ਫਿਨਾਲੇ ਪ੍ਰੋਗਰਾਮ ਤੋਂ ਬਾਅਦ ਐਤਵਾਰ ਦੇਰ ਸ਼ਾਮ ਸ਼ੋਅ ਦਾ ਜੇਤੂ ਐਲਾਨਿਆ ਗਿਆ। ਗਾਇਕ ਪਵਨਦੀਪ ਨੇ ਕਿਹਾ ਕਿ ਉਸ ਨੂੰ ਵਿਸ਼ਵਾਸ ਨਹੀਂ ਹੋ ਰਿਹਾ ਕਿ ਉਸ ਨੇ ਅਨੂ ਮਲਿਕ, ਹਿਮੇਸ਼ ਰੇਸ਼ਮੀਆ ਅਤੇ ਸੋਨੂ ਕੱਕੜ ਵੱਲੋਂ ਜੱਜ ਕੀਤੇ ਗਏ 'ਇੰਡੀਅਨ ਆਈਡਲ 12' ਦਾ ਖਿਤਾਬ ਜਿੱਤ ਲਿਆ ਹੈ। ਉਸ ਨੇ ਕਿਹਾ, ''ਮੈਂ ਬਹੁਤ ਖੁਸ਼ ਹਾਂ ਅਤੇ ਖ਼ੁਦ ਨੂੰ ਬਹੁਤ ਹੀ ਖ਼ੁਸ਼ਕਿਸਮਤ ਮਹਿਸੂਸ ਕਰ ਰਿਹਾ ਹਾਂ। ਆਡੀਸ਼ਨ ਦੌਰਾਨ ਮੈਂ ਬਹੁਤ ਘਬਰਾਇਆ ਹੋਇਆ ਸੀ। ਮੈਂ ਸੋਚਿਆ ਸੀ ਕਿ ਸ਼ਾਇਦ ਮੈਂ ਚੁਣਿਆ ਹੀ ਨਾ ਜਾਵਾਂ ਪਰ ਜਿੱਤ ਤੱਕ ਦਾ ਸਫ਼ਰ ਸ਼ਾਨਦਾਰ ਰਿਹਾ।'' ਉਸ ਨੇ ਕਿਹਾ, ''ਮੈਂ ਜੱਜਾਂ ਤੇ ਟੀਮ ਤੋਂ ਬਹੁਤ ਕੁਝ ਸਿੱਖਿਆ। 'ਇੰਡੀਅਨ ਆਈਡਲ ਨੇ ਮੇਰੇ ਸੁਫਨੇ ਪੂਰੇ ਕਰਨ ਲਈ ਪੁਲ ਦਾ ਕੰਮ ਕੀਤਾ।'' ਜੇਤੂ ਪਵਨਦੀਪ ਰਾਜਨ ਨੂੰ ਸੋਨੀ ਐਂਟਰਟੇਨਮੈਂਟ ਟੈਲੀਵਿਜ਼ਨ ਵੱਲੋਂ 25 ਲੱਖ ਰੁਪਏ ਦਾ ਚੈੱਕ ਅਤੇ ਸਵਿਫਟ ਕਾਰ ਨਾਲ ਸਨਮਾਨਿਤ ਕੀਤਾ ਗਿਆ। ਪਹਿਲੇ ਅਤੇ ਦੂਜੇ ਦੇ ਉਪ-ਜੇਤੂਆਂ ਅਰੁਨਿਤਾ ਕਾਂਜੀਲਾਲ ਅਤੇ ਸਾਇਲੀ ਕਾਂਬਲੇ ਨੂੰ ਪੰਜ-ਪੰਜ ਲੱਖ ਰੁਪਏ ਨਾਲ ਸਨਮਾਨਿਤ ਕੀਤਾ ਗਿਆ।





# ਬੈਡਮਿੰਟਨ: ਸਤਨਾਮ ਤੇ ਵਿਸ਼ਾਲ ਨੇ ਮਾਰੀ ਬਾਜ਼ੀ




**ਐਸਏਐਸ ਨਗਰ (ਮੁਹਾਲੀ)** ਮੁਹਾਲੀ ਜ਼ਿਲ੍ਹਾ ਬੈਡਮਿੰਟਨ ਐਸੋਸੀਏਸ਼ਨ ਵੱਲੋਂ ਇੱਥੋਂ ਦੇ ਸੈਕਟਰ 78 ਦੇ ਸਟੇਡੀਅਮ ਵਿੱਚ ਦੋ ਰੋਜ਼ਾ ਜ਼ਿਲ੍ਹਾ ਮਾਸਟਰਜ਼ ਬੈਡਮਿੰਟਨ ਚੈਂਪੀਅਨਸ਼ਿਪ ਕਰਵਾਈ ਗਈ। ਇਸ ਵਿੱਚ ਜ਼ਿਲ੍ਹੇ ਦੇ 35 ਤੋਂ ਵੱਧ ਉਮਰ ਦੇ ਬੈਡਮਿੰਟਨ ਖਿਡਾਰੀਆਂ ਨੇ ਭਾਗ ਲਿਆ। ਜੇਤੂ ਖਿਡਾਰੀਆਂ ਨੂੰ ਟਰਾਫ਼ੀਆਂ ਅਤੇ ਸਰਟੀਫ਼ਿਕੇਟ ਵੰਡੇ ਗਏ। ਇਨਾਮ ਵੰਡਣ ਦੀ ਰਸਮ ਐਸੋਸੀਏਸ਼ਨ ਦੇ ਪ੍ਰਧਾਨ ਏਕੇ ਕੌਸ਼ਲ ਤੇ ਜਨਰਲ ਸਕੱਤਰ ਪਰਮਿੰਦਰ ਸ਼ਰਮਾ ਨੇ ਨਿਭਾਈ। ਇਸ ਮੌਕੇ ਸਿੰਗਲਜ਼ 'ਚ ਸਿਮਰਦੀਪ ਸਿੰਘ, ਡਬਲਜ਼ 'ਚ ਸਿਮਰਦੀਪ ਸਿੰਘ ਤੇ ਮਨਦੀਪ ਸਿੰਘ, ਮਿਕਸਡ 'ਚ ਸ਼ਿਖਾ ਸਿੰਗਲਾ ਤੇ ਸਿਮਰਜੀਤ, 40 ਪਲੱਸ ਵਰਗ ਦੇ ਸਿੰਗਲ 'ਚ ਟੀਏਐੱਸ ਸੈਣੀ, ਡਬਲਜ਼ 'ਚ ਆਕਾਸ਼ ਵਾਲੀਆ ਤੇ ਟੀਏਐੱਸ ਸੈਣੀ, 45 ਪਲੱਸ ਦੇ ਸਿੰਗਲਜ਼ 'ਚ ਕੇਡੀ ਅਨੇਜਾ, ਡਬਲਜ਼ 'ਚ ਸਤਨਾਮ ਸਿੰਘ ਨਾਮਧਾਰੀ ਤੇ ਵਿਸ਼ਾਲ ਸ਼ਰਮਾ, 50 ਪਲੱਸ ਦੇ ਸਿੰਗਲਜ਼ 'ਚ ਰਾਜ ਕੁਮਾਰ, ਡਬਲਜ਼ 'ਚ ਪੁਸ਼ਪਿੰਦਰ ਤੇ ਰਾਜਿੰਦਰ, 55 ਪਲੱਸ ਦੇ ਸਿੰਗਲਜ਼ 'ਚ ਨੀਰਜ ਕੌੜਾ ਅਤੇ 60 ਪਲੱਸ ਉਮਰ ਵਰਗ ਦੇ ਸਿੰਗਲ 'ਚ ਪਵਨ ਸ਼ਰਮਾ ਤੇ ਡਬਲਜ਼ 'ਚ ਪਵਨ ਸ਼ਰਮਾ ਤੇ ਹਰਵਿੰਦਰ ਸਿੰਘ ਜੇਤੂ ਰਹੇ।

ਵਰਲਡ ਪੰਜਾਬੀ ਨਿਊਜ਼ ਵਿੱਚ ਪ੍ਰਕਾਸ਼ਿਤ ਹੋਣ ਵਾਲੇ ਲੇਖ ਅਤੇ ਰਚਨਾਵਾਂ ਲੇਖਕਾਂ ਦੇ ਨਿੱਜੀ ਵਿਚਾਰ ਹੋ ਸਕਦੇ ਹਨ। ਇਹਨਾਂ ਨਾਲ ਸੰਪਾਦਕ ਅਤੇ 'ਵਰਲਡ ਪੰਜਾਬੀ ਨਿਊਜ਼' ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ- ਸੰਪਾਦਕ 'ਵਰਲਡ ਪੰਜਾਬੀ ਨਿਊਜ਼' ਵਿੱਚ ਪ੍ਰਕਾਸ਼ਿਤ ਹੋਣ ਵਾਲੇ ਵਿਗਿਆਪਨਾਂ ਦੀ ਪਰਖ ਪਾਠਕ ਖੁਦ ਕਰਨ। 'ਵਰਲਡ ਪੰਜਾਬੀ ਨਿਊਜ਼' ਅਦਾਰਾ ਇਹਨਾਂ ਪ੍ਰਤੀ ਜਿੰਮੇਵਾਰ ਨਹੀਂ ਹੋਵੇਗਾ- ਸੰਪਾਦਕ

## ਕ੍ਰਾਂਤੀਕਾਰੀ ਪ੍ਰੈੱਸ ਕਲੱਬ ਯੂਨਿਟ ਭੋਗਪੁਰ ਨੇ ਆਜ਼ਾਦੀ ਦਿਵਸ ਮਨਾਇਆ

# ਪੱਤਰਕਾਰਾਂ ਦੀ ਆਜ਼ਾਦੀ ਦੇ ਮਾਮਲੇ ਵਿਚ ਭਾਰਤ ਦਾ ਸਥਾਨ ਦੁਨੀਆਂ ਦੇ 180 ਦੇਸ਼ਾਂ 'ਚੋਂ 142 ਵੇਂ ਨੰਬਰ 'ਤੇ ਹੋਣਾ ਸ਼ਰਮਨਾਕ : ਰੁਪਿੰਦਰ ਸਿੰਘ ਅਰੋੜਾ






**ਭੋਗਪੁਰ (ਜਗੀਰ ਸਿੰਘ ਗਿੱਲ)** ਕ੍ਰਾਂਤੀਕਾਰੀ ਪ੍ਰੈਸ ਕਲੱਬ ਵਲੋਂ ਭੋਗਪੁਰ ਵਿਚ ਭਾਰਤ ਦਾ 75ਵਾਂ ਆਜ਼ਾਦੀ ਦਿਵਸ ਤਿਰੰਗਾ ਲਹਿਰਾ ਕੇ ਮਨਾਇਆ ਗਿਆ। ਝੰਡਾ ਝੁਲਾਉਣ ਦੀ ਰਸਮ ਮੈਡਮ ਪੂਨਮ ਬਖ਼ਸ਼ੀ ਸੁਪਰਡੈਂਟ ਬੀਡੀਪੀਓ ਆਫਿਸ ਭੋਗਪੁਰ ਨੇ ਅਦਾ ਕੀਤੀ। ਉਨ੍ਹਾਂ ਦੇ ਨਾਲ ਸ੍ਰੀ ਅਸ਼ਵਨੀ ਕੁਮਾਰ ਜੀ ਹਾਜ਼ਰ ਸਨ। ਪੁਲਿਸ ਪ੍ਰਸ਼ਾਸਨ ਵਲੋਂ ਐੱਸ ਐਚ ਓ ਭੋਗਪੁਰ ਹਰਿੰਦਰ ਸਿੰਘ, ਐੱਸ ਆਈ ਸੰਦੀਪ ਕੌਰ ਅਤੇ ਹਰਜੀਤ ਸਿੰਘ ਕਾਂਸਟੇਬਲ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਵੱਖ ਵੱਖ ਪ੍ਰੈਸ ਐਸੋਸੀਏਸ਼ਨਾਂ ਦੇ ਨੁਮਾਇਦੇ ਸ਼ਾਮਿਲ ਹੋਏ, ਜਿਹਨਾਂ ਵਿਚ ਪੰਜਾਬ ਚੰਡੀਗੜ੍ਹ ਪ੍ਰੈਸ ਯੂਨੀਅਨ ਜਲੰਧਰ ਅਤੇ ਦੋਆਬਾ ਪੱਤਰਕਾਰ ਮੰਚ ਭੋਗਪੁਰ ਦੇ ਅਹੁਦੇਦਾਰ ਬਲਵਿੰਦਰ ਸਿੰਘ ਭੰਗੂ ਅਤੇ ਰਜੇਸ਼ ਸੂਰੀ ਅਤੇ ਕ੍ਰਾਂਤੀਕਾਰੀ ਪ੍ਰੈਸ ਕਲੱਬ ਦੀ ਪੰਜਾਬ ਇਕਾਈ ਤੋਂ ਸੀਨੀਅਰ ਵਾਈਸ ਪ੍ਰੈਸੀਡੈਂਟ ਅਨਿਲ ਵਰਮਾ ਅਤੇ ਜਨਰਲ ਸਕੱਤਰ ਰੁਪਿੰਦਰ ਸਿੰਘ ਅਰੋੜਾ ਵਿਸ਼ੇਸ਼ ਤੌਰ ਤੇ ਪਹੁੰਚੇ।

ਇਸ ਆਜ਼ਾਦੀ ਦਿਵਸ ਦੇ ਮੌਕੇ ਤੇ ਵੱਖ ਵੱਖ ਬੁਲਾਰਿਆਂ ਨੇ ਆਜ਼ਾਦੀ ਦਿਵਾਉਣ ਵਾਲੇ ਯੋਧੇ ਸੂਰਮਿਆਂ ਨੂੰ ਯਾਦ ਕੀਤਾ ਅਤੇ ਉਨ੍ਹਾਂ ਦੇ ਕਦਮਾਂ ਤੇ ਚੱਲਣ ਦਾ ਪ੍ਰਣ ਕੀਤਾ। ਬਲਵਿੰਦਰ ਸਿੰਘ ਭੰਗੂ ਨੇ ਪੇਗਾਸੁਸ ਮਾਮਲੇ ਵਿਚ ਭਾਰਤ ਸਰਕਾਰ ਦੀ ਨਿਖੇਧੀ ਕਰਦਿਆਂ ਇਸ ਨੂੰ ਪੱਤਰਕਾਰਾਂ ਦੀ ਆਜ਼ਾਦੀ 'ਤੇ ਸਿੱਧਾ ਹਮਲਾ ਦਸਿਆ ਅਤੇ ਸਾਰਿਆਂ ਨੂੰ ਅੱਜ ਦੇ ਸਮੇ ਸਮਾਜਕ ਕੁਰੀਤੀਆਂ ਤੋਂ ਦੂਰ ਰਹਿਣ ਲਈ ਪ੍ਰੇਰਿਆ। ਕ੍ਰਾਂਤੀਕਾਰੀ ਪ੍ਰੈਸ ਕਲੱਬ ਦੇ ਸੂਬਾ ਜਨਰਲ ਸਕੱਤਰ ਰੁਪਿੰਦਰ ਸਿੰਘ ਅਰੋੜਾ ਨੇ ਵਿਸ਼ੇਸ਼ ਤੌਰ 'ਤੇ ਪ੍ਰੈਸ ਦੀ ਆਜ਼ਾਦੀ ਦੀ ਗੱਲ ਕਰਦਿਆਂ ਕਿਹਾ ਕੇ ਭਾਰਤ ਵਿਚ ਪੱਤਰਕਾਰਾਂ ਨੂੰ ਆਜ਼ਾਦੀ ਸਿਰਫ ਨਾਮ ਦੀ ਹੈ। ਓਹਨਾ ਕਿਹਾ ਕੇ ਵਰਲਡ ਪ੍ਰੈਸ ਇੰਡੈਕਸ ਦੇ ਮੁਤਾਬਿਕ ਪੱਤਰਕਾਰਾਂ ਦੀ ਆਜ਼ਾਦੀ ਦੇ ਮਾਮਲੇ ਵਿਚ ਭਾਰਤ ਦਾ ਸਥਾਨ ਦੁਨੀਆਂ ਦੇ 180 ਦੇਸ਼ਾਂ ਦੀ ਇਸ ਸੂਚੀ ਵਿਚ 142 ਵੇਂ ਨੰਬਰ ਤੇ ਹੈ, ਜੋ ਕੇ ਆਪਣੇ ਆਪ ਵਿਚ ਸ਼ਰਮਨਾਕ ਹੈ। ਓਹਨਾ ਓਥੇ ਮੌਜੂਦ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਨਿਰਪੱਖ ਹੋ ਕਿ ਸਾਫ ਸੁਥਰੀ ਪੱਤਰਕਾਰੀ ਕਰਨੀ ਚਾਹੀਦੀ ਹੈ। ਇਸ ਮੌਕੇ ਡਾ ਚਰਨਜੀਤ ਸਿੰਘ (ਚੀਫ ਬਿਊਰੋ ਜਲੰਧਰ ਸੈਕੂਲਰ ਨਿਊਜ਼) ਨੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਸਮਾਗਮ ਵਿਚ ਕ੍ਰਾਂਤੀਕਾਰੀ ਪ੍ਰੈਸ ਕਲੱਬ ਭੋਗਪੁਰ ਦੇ ਪ੍ਰਧਾਨ ਜਗੀਰ ਸਿੰਘ, ਮਨਜਿੰਦਰ ਸਿੰਘ ਸੀਨੀਅਰ ਵਾਈਸ ਪ੍ਰੈਜ਼ੀਡੈਂਟ, ਸੁਰਿੰਦਰ ਸਿੰਘ ਸੀਨੀਅਰ ਵਾਈਸ ਪ੍ਰੈਜ਼ੀਡੈਂਟ, ਹਰਨਾਮ ਦਾਸ ਚੋਪੜਾ ਵਾਈਸ ਪ੍ਰੈਜ਼ੀਡੈਂਟ, ਸੁਰਜੀਤ ਸਿੰਘ ਵਾਈਸ ਪ੍ਰੈਜ਼ੀਡੈਂਟ, ਪਰਮਜੀਤ ਸਿੰਘ ਅਡਵਾਈਜ਼ਰ, ਜਸਵੀਰ ਸਿੰਘ ਸੈਕਟਰੀ, ਮਨਜੀਤ ਸਿੰਘ ਪੀਆਰਓ, ਬਲਬੀਰ ਚੰਦ ਕੈਸ਼ੀਅਰ, ਮੈਂਬਰ ਕੁਲਦੀਪ ਚੰਦ ਅਤੇ ਸਤਨਾਮ ਸਿੰਘ ਹਾਜ਼ਰ ਰਹੇ। ਇਸ ਮੌਕੇ ਕ੍ਰਾਂਤੀਕਾਰੀ ਪ੍ਰੈੱਸ ਕਲੱਬ ਦੇ ਦੋਆਬਾ ਜ਼ੋਨ ਪ੍ਰੈਜ਼ੀਡੈਂਟ ਸ੍ਰੀ ਪੀ ਸੀ ਰਾਊਤ ਰਾਜਪੂਤ ਨੇ ਆਜ਼ਾਦੀ ਦਿਵਸ ਦੇ ਸਬੰਧ ਵਿੱਚ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ ਅਤੇ ਸਟੇਜ ਦਾ ਸੰਚਾਲਨ ਕੀਤਾ।

## ਨੈਸ਼ਨਲ ਅਚੀਵਮੈਂਟ ਸਰਵੇ ਸੰਬੰਧੀ ਪੜ੍ਹਨ ਸਮੱਗਰੀ ਐਜੂਕੇਅਰ ਐਪ 'ਤੇ ਵੀ ਉਪਲਬਧ-ਸਿੱਖਿਆ ਅਧਿਕਾਰੀ

**ਜਲੰਧਰ (ਅੰਮ੍ਰਿਤਪਾਲ ਸਿੰਘ ਸਫ਼ਰੀ)** ਸਕੂਲ ਸਿੱਖਿਆ ਵਿਭਾਗ ਵੱਲੋਂ ਵਿਦਿਆਰਥੀਆਂ ਲਈ "ਐਜੂਕੇਅਰ ਐਪ" ਦੇ ਰੂਪ 'ਚ ਤਿਆਰ ਕੀਤਾ ਆਨਲਾਈਨ ਬਸਤਾ ਜਿੱਥੇ ਵਿਦਿਆਰਥੀਆਂ ਲਈ ਵਿਸ਼ਿਆਂ ਦੀ ਪੜ੍ਹਾਈ ਅਤੇ ਹੋਰ ਗਤੀਵਿਧੀਆਂ ਦੀ ਤਿਆਰੀ 'ਚ ਮੱਦਦਗਾਰ ਸਿੱਧ ਹੋ ਰਿਹਾ ਹੈ ਉੱਥੇ ਹੀ ਇਸ ਵਰ੍ਹੇ ਹੋਣ ਵਾਲੇ ਨੈਸ਼ਨਲ ਅਚੀਵਮੈਂਟ ਸਰਵੇ ਦੀ ਤਿਆਰੀ ਲਈ ਵੀ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਵਰਦਾਨ ਸਿੱਧ ਹੋ ਰਿਹਾ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਹਰਿੰਦਰਪਾਲ ਸਿੰਘ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਅਤੇ ਰਾਮਪਾਲ ਸਿੰਘ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਨੇ ਦੱਸਿਆ ਕਿ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸਾਂ ਦੀ ਸਕੂਲ ਸਥਿਤੀ ਦੇ ਜਾਇਜ਼ੇ ਲਈ ਕੇਂਦਰ ਸਰਕਾਰ ਵੱਲੋਂ ਕਰਵਾਇਆ ਜਾਣ ਵਾਲਾ ਨੈਸ਼ਨਲ ਅਚੀਵਮੈਂਟ ਸਰਵੇ ਟੈਸਟ ਇਸ ਵਾਰ ਨਵੰਬਰ ਮਹੀਨੇ ਕਰਵਾਇਆ ਜਾ ਰਿਹਾ ਹੈ। ਇਸ ਸਰਵੇ ਦੌਰਾਨ ਪੰਜਾਬ ਦੀਆਂ ਪ੍ਰਾਪਤੀਆਂ ਨੂੰ ਦੇਸ਼ ਭਰ ਵਿੱਚੋ ਪਹਿਲੇ ਨੰਬਰ 'ਤੇ ਲਿਜਾਣ ਲਈ ਸਿੱਖਿਆ ਵਿਭਾਗ ਵੱਲੋਂ ਸਿੱਖਿਆ ਮੰਤਰੀ ਵਿਜੇ ਇੰਦਰ ਸਿੰਗਲਾ ਦੀ ਰਹਿਨੁਮਾਈ ਅਤੇ ਸਿੱਖਿਆ ਸਕੱਤਰ ਕ੍ਰਿਸ਼ਨ ਕੁਮਾਰ ਦੀ ਅਗਵਾਈ ਹੇਠ ਅਧਿਕਾਰੀਆਂ ਅਤੇ ਅਧਿਆਪਕਾਂ ਦੀਆਂ ਟਰੇਨਿੰਗਾਂ ਕਰਵਾ ਕੇ ਵਿਦਿਆਰਥੀਆਂ ਨੂੰ ਇਸ ਸਰਵੇ ਲਈ ਤਿਆਰ ਕਰਨ ਦੀ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਵਿਦਿਆਰਥੀਆਂ ਨੂੰ ਸਰਵੇ ਟੈਸਟ ਦੌਰਾਨ ਪੁੱਛੇ ਜਾਣ ਵਾਲੇ ਪ੍ਰਸ਼ਨਾਂ ਦੇ ਉੱਤਰ ਦੇਣ ਦੀ ਤਕਨੀਕ ਤੋਂ ਜਾਣੂ ਕਰਵਾਇਆ ਜਾ ਰਿਹਾ ਹੈ। ਵਿਦਿਆਰਥੀਆਂ ਅਤੇ ਇੱਥੋਂ ਤੱਕ ਕਿ ਅਧਿਆਪਕਾਂ ਅਤੇ ਅਧਿਕਾਰੀਆਂ ਲਈ ਵੀ ਗੂਗਲ ਟੈਸਟ ਤਿਆਰ ਕੀਤੇ ਜਾ ਰਹੇ ਹਨ। ਸਿੱਖਿਆ ਅਧਿਕਾਰੀਆਂ ਨੇ ਦੱਸਿਆ ਕਿ ਸਰਵੇ ਟੈਸਟ ਨਾਲ ਸੰਬੰਧਿਤ ਹਰ ਤਰ੍ਹਾਂ ਦੀ ਪੜ੍ਹਨ ਸਮੱਗਰੀ " ਐਜੂਕੇਅਰ ਐਪ" 'ਤੇ ਉਪਲਬਧ ਹੈ। ਐਪ 'ਤੇ ਪਿਛਲੇ ਸਰਵੇ ਟੈਸਟ ਦੇ ਪ੍ਰਸ਼ਨ ਪੱਤਰਾਂ ਸਮੇਤ ਸਾਰੇ ਵਿਸ਼ਿਆਂ ਨਾਲ ਸੰਬੰਧਿਤ ਪੜ੍ਹਨ ਸਮੱਗਰੀ ਮੁਹੱਈਆ ਕਰਵਾਈ ਗਈ ਹੈ।




ਰਾਜੀਵ ਜੋਸ਼ੀ ਉਪ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਅਤੇ ਗੁਰਚਰਨ ਸਿੰਘ ਮੁਲਤਾਨੀ ਉਪ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਨੇ ਕਿਹਾ ਕਿ ਵਿਭਾਗ ਵੱਲੋਂ ਨੈਸ਼ਨਲ ਅਚੀਵਮੈਂਟ ਸਰਵੇ ਟੈਸਟ ਸੰਬੰਧੀ "ਐਜੂਕੇਅਰ ਐਪ" 'ਤੇ ਉਪਲਬਧ ਜਾਣਕਾਰੀ ਨੂੰ ਵਿਦਿਆਰਥੀ ਆਪਣੀ ਜਰੂਰਤ ਅਨੁਸਾਰ ਜਦੋਂ ਮਰਜੀ ਪੜ੍ਹ ਅਤੇ ਡਾਊਨਲੋਡ ਕਰ ਸਕਦੇ ਹਨ। ਸਿੱਖਿਆ ਅਧਿਕਾਰੀਆਂ ਨੇ ਅਧਿਆਪਕਾਂ ਨੂੰ ਖੁਦ ਇਸ ਐਪ ਦਾ ਵੱਧ ਤੋਂ ਵੱਧ ਇਸਤੇਮਾਲ ਕਰਨ ਦੇ ਨਾਲ ਨਾਲ ਵਿਦਿਆਰਥੀਆਂ ਨੂੰ ਵੀ ਇਸ ਦੇ ਇਸਤੇਮਾਲ ਲਈ ਪ੍ਰੇਰਿਤ ਕਰਨ ਲਈ ਕਿਹਾ।

ਹਰਜੀਤ ਬਾਵਾ ਜ਼ਿਲ੍ਹਾ ਮੈਂਟਰ ਵਿਗਿਆਨ, ਸ਼ਰਨਜੀਤ ਸਿੰਘ ਮੈਂਟਰ ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ, ਜਸਵਿੰਦਰ ਸਿੰਘ ਜ਼ਿਲ੍ਹਾ ਮੈਂਟਰ ਗਣਿਤ ਨੇ ਕਿਹਾ ਕਿ ਨੈਸ਼ਨਲ ਅਚੀਵਮੈਂਟ ਸਰਵੇ ਸੰਬੰਧੀ "ਐਜੂਕੇਅਰ ਐਪ" 'ਤੇ ਉਪਲਬਧ ਵਿਸਥਾਰਤ ਜਾਣਕਾਰੀ ਦੀ ਸਰਵੇ ਦੌਰਾਨ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਬਿਹਤਰੀਨ ਬਣਾਉਣ ਵਿੱਚ ਮੁੱਖ ਭੂਮਿਕਾ ਰਹੇਗੀ। ਅਧਿਆਪਕਾਂ ਵੱਲੋਂ ਕਰਵਾਈ ਜਾ ਰਹੀ ਤਿਆਰੀ ਦੇ ਨਾਲ ਨਾਲ ਵਿਦਿਆਰਥੀ ਇਸ ਐਪ ਜਰੀਏ ਖੁਦ ਵੀ ਤਿਆਰੀ ਕਰ ਸਕਦੇ ਹਨ।

## ਵਿੰਨੀ ਮਹਾਜਨ ਮੁੱਖ ਸੱਕਤਰ ਪੰਜਾਬ ਅਤੇ ਡੀਜੀਪੀ ਦਿਨਕਰ ਗੁਪਤਾ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ

**ਕਰਤਾਰਪੁਰ (ਜਸਵੰਤ ਵਰਮਾ,ਦਿਨੇਸ਼ ਕੁਮਾਰ)** ਵਿੰਨੀ ਮਹਾਜਨ, ਮੁੱਖ ਸਕੱਤਰ ਪੰਜਾਬ ਅਤੇ ਡੀਜੀਪੀ ਪੰਜਾਬ ਦਿਨਕਰ ਗੁਪਤਾ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਪਹੁੰਚੇ ਅਤੇ ਸ਼ਹੀਦਾਂ ਨੂੰ ਮੱਥਾ ਟੇਕਿਆ। ਜੰਗ ਏ ਆਜਾਦੀ ਯਾਦਗਰ ਪਹੁੰਚਣ ਤੇ ਪੁਲਿਸ ਪ੍ਰਸ਼ਾਸਨ ਦੇ ਡਿਵੀਜ਼ਨਲ ਕਮਿਸ਼ਨਰ ਵਰੁਣ ਰੂਜਮ, ਡਿਪਟੀ ਕਮਿਸ਼ਨਰ ਘਣਸ਼ਿਆਮ ਥੋਰੀ, ਐਸਐਸਪੀ ਨਵੀਨ ਸਿੰਗਲਾ, ਐਸਡੀਐਮ ਬਲਬੀਰ ਰਾਜ ਸਿੰਘ, ਡੀਐਸਪੀ ਸੁਖਪਾਲ ਸਿੰਘ, ਡੀਐਸਪੀ ਰਣਜੀਤ ਸਿੰਘ ਬਦੇਸ਼ਾ ਅਤੇ ਪੁਲਿਸ ਪ੍ਰਸ਼ਾਸਨ ਤੋਂ ਇਲਾਵਾ ਲਵਲੀ ਗਰੁੱਪ ਦੇ ਰਮੇਸ਼ ਮਿੱਤਲ, ਲਖਵਿੰਦਰ ਸਿੰਘ ਜੌਹਲ ਸਕੱਤਰ, ਸਤਨਾਮ ਸਿੰਘ ਮਾਣਕ ਪ੍ਰਬੰਧਕ ਕਮੇਟੀ ਆਦਿ ਵੱਲੋਂ ਸ਼ਾਨਦਾਰ ਸਵਾਗਤ ਕੀਤਾ ਗਿਆ। ਸਭ ਤੋਂ ਪਹਿਲਾਂ ਪ੍ਰਿੰਸੀਪਲ ਸੈਕਟਰ ਪੰਜਾਬ ਵਿੰਨੀ ਮਹਾਜਨ ਅਤੇ ਡੀਜੀਪੀ ਦਿਨਕਰ ਗੁਪਤਾ ਨੇ ਜੋਤੀ ਮੀਨਾਰ ਜਾ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਉਸ ਤੋਂ ਬਾਅਦ ਸ਼ਹੀਦਾਂ ਦੀ ਯਾਦ ਲਈ ਬਣਾਈ ਗਈ ਦਰਜਨ ਦੇ ਕਰੀਬ ਗੈਲਰੀਆਂ ਦਾ ਦੌਰਾ ਕਰਕੇ ਹਰ ਜਾਣਕਾਰੀ ਪ੍ਰਾਪਤ ਕੀਤੀ ਗਈ।





ਅਖਿਲ ਭਾਰਤੀ ਆਜ਼ਾਦ ਹਿੰਦ ਸੈਨਾ ਵੱਲੋਂ ਜਲੰਧਰ ਵਿਚ ਭਾਰਤ ਦਾ 75ਵਾਂ ਸੁਤੰਤਰਤਾ ਦਿਵਸ ਮਨਾਇਆ ਗਿਆ। ਇਸ ਮੌਕੇ ਵਿਕਾਸ ਜੋਸ਼ੀ, ਸੂਰਜ ਭਾਰਤੀਯ, ਅਨਿਲ ਲੱਗਾ, ਵਰਿੰਦਰ ਪਾਲ, ਰੋਹਿਤ, ਲੱਕੀ ਦੱਤ, ਰਮੇਸ਼, ਸ੍ਰੀਕਾਂਤ ਮਹਿਰਾ, ਪਵਨ ਡੋਗਰਾ ਗੁਲਸ਼ਨ ਡੋਗਰਾ, ਸੰਨੀ ਅਰੋੜਾ, ਸੁਨੀਲ ਚੋਪੜਾ, ਪਵਨ ਵਸਨ ਹਾਜ਼ਰ ਸਨ।

## ਮੱਕੜੀ ਦੇ ਜ਼ਹਿਰ ਨਾਲ ਦਿਲ ਦੇ ਮਰੀਜ਼ਾਂ ਦਾ ਇਲਾਜ ਹੋਵੇਗਾ

**ਨਵੀਂ ਦਿੱਲੀ।** ਵਿਗਿਆਨੀਆਂ ਨੇ ਮੱਕੜੀ ਦੇ ਜ਼ਹਿਰ ਨਾਲ ਹਾਰਟ ਅਟੈਕ ਦਾ ਇਲਾਜ ਕਰਨ ਦਾ ਦਾਅਵਾ ਕੀਤਾ ਹੈ। ਉਨ੍ਹਾਂ ਨੇ ਸਭ ਤੋਂ ਜ਼ਹਿਰਲੀ ਫਨਲ ਵੈਬ ਮੱਕੜੀ ਨੂੰ ਲੱਭਿਆ ਹੈ, ਜਿਸ ਦੇ ਜ਼ਹਿਰ ਤੋਂ ਬਣਨ ਵਾਲੀ ਦਵਾਈ ਦਿਲ ਦੇ ਮਰੀਜ਼ਾਂ ਨੂੰ ਰਾਹਤ ਦੇਵੇਗੀ। ਇਸ ਮੱਕੜੀ ਦੇ ਜ਼ਹਿਰ ਦੀ ਖੋਜ ਕਵੀਨਜ਼ਲੈਂਡ ਯੂਨੀਵਰਸਿਟੀ ਦੇ ਡਾ. ਨਾਥਨ ਪਲਪੰਤ ਤੇ ਪ੍ਰੋ. ਗਲੇਨ ਕਿੰਗ ਅਤੇ ਇੰਸਟੀਚਿਊਟ ਦੇ ਪ੍ਰੋ. ਮੈਕਡੋਨਾਲਡ ਨੇ ਕੀਤੀ ਹੈ। ਕਵੀਨਜ਼ਲੈਂਡ ਯੂਨੀਵਰਸਿਟੀ ਵੱਲੋਂ ਜਾਰੀ ਕੀਤੇ ਬਿਆਨ ਵਿੱਚ ਡਾ. ਪਲਪੰਤ ਨੇ ਕਿਹਾ ਕਿ ਆਕਸੀਜਨ ਦੀ ਕਮੀ ਨਾਲ ਸੈੱਲਾਂ ਦਾ ਮਾਹੌਲ ਖਾਰਾ ਹੋ ਜਾਂਦਾ ਹੈ, ਜੋ ਦਿਲ ਦੇ ਸੈੱਲਾਂ ਨੂੰ ਮਾਰਨ ਦਾ ਕੰਮ ਕਰਦਾ ਹੈ, ਪਰ ਖੋਜ ਦੇ ਇਸ ਜ਼ਹਿਰ ਨਾਲ ਬਣਾਈ ਗਈ ਦਵਾਈ ਸੈੱਲ ਮਰਨ ਤੋਂ ਰੋਕਦੀ ਹੈ। ਡਾ. ਨਾਥਨ ਦਾ ਕਹਿਣਾ ਹੈ ਕਿ ਮੱਕੜੀ ਦੇ ਜ਼ਹਿਰ ਵਿੱਚ ਹਿਲਾ ਨਾਂ ਦਾ ਪ੍ਰੋਟੀਨ ਹੁੰਦਾ ਹੈ। ਇਹ ਸੈੱਲਾਂ ਨੂੰ ਮਰਨ ਤੋਂ ਰੋਕਦਾ ਹੈ ਅਤੇ ਦਵਾਈ ਨਾਲ ਮਰੇਸੈੱਲਾਂ ਵਿੱਚ ਸੁਧਾਰ ਲਿਆਂਦਾ ਜਾ ਸਕਦਾ ਹੈ। ਵਿਗਿਆਨੀਆਂ ਦਾ ਦਾਅਵਾ ਹੈ ਕਿ ਇਹ ਦਵਾਈ ਹਾਰਟ ਅਟੈਕ ਤੋਂ ਬਾਅਦ ਸੈੱਲਾਂ ਨੂੰ ਹੋਣ ਵਾਲੇ ਨੁਕਾਸਨ ਨੂੰ ਵੀ ਰਿਕਵਰ ਕਰਦੀ ਹੈ। ਉਨ੍ਹਾਂ ਦਾ ਇਹ ਵੀ ਦਾਅਵਾ ਹੈ ਕਿ ਇਸ ਦਵਾਈ ਨਾਲ ਹਾਰਟ ਟ੍ਰਾਂਸਪਲਾਂਟੇਸ਼ਨ ਦੇ ਸਫ਼ਲ ਹੋਣ ਦਾ ਚਾਂਸ ਕਾਫ਼ੀ ਵਧ ਜਾਣਗੇ। ਵਿਗਿਆਨੀਆਂ ਨੇ ਇਸ ਪ੍ਰੋਟੀਨ ਦਾ ਪ੍ਰਯੋਗ ਬ੍ਰੇਨ ਸਟ੍ਰੋਕ ਦੌਰਾਨ ਇੱਕ ਮਰੀਜ਼ ਦੇ ਬ੍ਰੇਨ ਵਿੱਚਕੀਤਾ ਤਾਂ ਨਤੀਜੇ ਵਜੋਂ ਇਸ ਨੇ ਹੋ ਚੁੱਕੇ ਡੈਮੇਜ ਨੂੰ ਇਸ ਨੇ ਠੀਕ ਕਰਨਾ ਸ਼ੁਰੂ ਕਰ ਦਿੱਤਾ। ਇਸ ਪਿੱਛੋਂ ਇਸ ਪ੍ਰੋਟੀਨ ਦੀ ਵਰਤੋਂ ਹਾਰਟ ਉੱਤੇ ਕੀਤੀ ਗਈ। ਖੋਜਕਰਤਾਵਾਂ ਦਾ ਕਹਿਣਾ ਹੈ ਕਿ ਹਾਰਟ ਅਟੈਕ ਦੌਰਾਨ ਮਰੀਜ਼ ਨੂੰ ਤੁਰੰਤ ਇਲਾਜ ਦੀ ਲੋੜ ਹੁੰਦੀ ਹੈ ਅਤੇ ਪ੍ਰੋਟੀਨ ਯੁਕਤ ਦਵਾਈ ਮਰੀਜ਼ ਨੂੰ ਐਂਬੂਲੈਂਸ ਵਿੱਚ ਲਿਜਾਂਦੇ ਸਮੇਂ ਵੀ ਦਿੱਤੀ ਜਾ ਸਕਦੀ ਹੈ।

## ਗੜ੍ਹਦੀਵਾਲਾ ਵਿਖੇ ਵੱਡੀ ਗਿਣਤੀ ਵਿੱਚ ਨੌਜਵਾਨ ਆਮ ਆਦਮੀ ਪਾਰਟੀ 'ਚ ਸ਼ਾਮਲ

**ਹੁਸ਼ਿਆਰਪੁਰ/ਗੜ੍ਹਦੀਵਾਲਾ(ਜਸਵੀਰ ਸਿੰਘ ਪੁਰੇਵਾਲ)** ਗੜ੍ਹਦੀਵਾਲਾ ਵਿਖੇ ਆਮ ਆਦਮੀ ਪਾਰਟੀ ਦੇ ਟਰਾਂਸਪੋਰਟ ਵਿੰਗ ਦੇ ਸੂਬਾ ਵਾਇਸ ਪ੍ਰਧਾਨ ਸਰਦਾਰ ਜਸਵੀਰ ਸਿੰਘ ਰਾਜਾ ਅਤੇ ਚੌਧਰੀ ਰਾਜਵਿੰਦਰ ਸਿੰਘ ਰਾਜਾ ਦੀ ਅਗਵਾਈ ਹੇਠ ਭਾਰੀ ਗਿਣਤੀ ਵਿੱਚ ਨੌਜਵਾਨ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ। ਜਿਸ ਵਿੱਚ ਕੁਨਾਲ, ਕਰਨ ਕੁਮਾਰ,ਵਿਕਾਸ ਠਾਕੁਰ, ਕੁਸ਼ਾਲ,ਪ੍ਰਥਮ ਸ਼ਰਮਾ, ਮੰਥਨ,ਰਜਤ ਠਾਕੁਰ, ਰਮਨ ਕੁਮਾਰ ਬਜਰੰਗੀ, ਹੇਮੰਤ ਗੁਪਤਾ,ਕਮਲ, ਮਨੀਸ਼ ਕੁਮਾਰ ਸਮੇਤ ਭਾਰੀ ਗਿਣਤੀ ਵਿੱਚ ਨੌਜਵਾਨ ਸ਼ਾਮਲ ਹੋਏ ਹਨ। ਇਸ ਮੌਕੇ ਸ.ਜਸਵੀਰ ਸਿੰਘ ਰਾਜਾ ਨੇ ਸਿਰੋਪਾ ਭੇਂਟ ਕਰ ਇਨ੍ਹਾਂ ਨੌਜਵਾਨਾਂ ਨੂੰ ਪਾਰਟੀ ਵਿਚ ਸ਼ਾਮਲ ਕੀਤਾ। ਇਸ ਮੌਕੇ ਸ.ਜਸਵੀਰ ਸਿੰਘ ਰਾਜਾ ਨੇ ਕਿਹਾ ਰਿਵਾਇਤੀ ਪਾਰਟੀ ਤੋਂ ਪੰਜਾਬ ਦੇ ਲੋਕਾਂ ਦਾ ਮੋਹ ਭੰਗ ਹੋ ਚੁੱਕਿਆ ਹੈ ਕਿਉਂਕਿ ਇਨ੍ਹਾਂ ਪਾਰਟੀਆਂ ਨੇ ਪੰਜਾਬ ਦੀ ਆਮ ਜਨਤਾ ਨੂੰ ਝੂਠੇ ਲਾਰਿਆਂ ਅਤੇ ਲੁੱਟਣ ਤੋਂ ਸਿਵਾਏ ਕੁੱਝ ਨਹੀਂ ਦਿੱਤਾ। ਹੁਣ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਵਲੋਂ ਪੰਜਾਬ ਵਿਚ ਦਿੱਲੀ ਮਾਡਲ ਨੂੰ ਲਾਗੂ ਕਰਨ ਦੀ ਯੋਜਨਾ ਨੂੰ ਪਹਿਲ ਦਿੱਤੀ ਜਾ ਰਹੀ ਹੈ। ਪੰਜਾਬ ਦੇ ਲੋਕ ਵੀ ਇਸ ਵਾਰ ਬਦਲਾਅ ਚਾਹੁੰਦੇ ਹਨ ਜਿਸਦੇ ਚਲਦਿਆਂ ਲੋਕ ਭਾਰੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਨੂੰ ਭਰਵਾਂ ਹੁੰਗਾਰਾ ਦੇ ਰਹੇ ਹਨ। ਇਸ ਮੌਕੇ ਰਾਜੂ ਗੁਪਤਾ ਸਾਬਕਾ ਐਮ ਸੀ, ਹਰਭਜਨ ਸਿੰਘ ਢੱਟ, ਪ੍ਰੋਫੈਸਰ ਸ਼ਾਮ ਸਿੰਘ, ਚੌਧਰੀ ਉਪਵਿੰਦਰ ਸਿੰਘ, ਚੌਧਰੀ ਸੁਖਰਾਜ ਸਿੰਘ, ਰਮਨ ਤ੍ਰਿਵੇਦੀ, ਕੁਲਦੀਪ ਸਿੰਘ ਮਿੰਟੂ ਰਾਣਾ, ਸੰਨੀ ਰਾਮਗੜ੍ਹੀਆ, ਮਣੀ ਸਰਿਹਾਲਾ, ਗੌਰਵ ਕੁਮਾਰ, ਸਾਜਨ ਫਤਿਹਪੁਰ ਆਦਿ ਵਿਸ਼ੇਸ਼ ਤੌਰ ਤੇ ਹਾਜਰ ਸਨ।



## ਸਾਵਨ ਮਹੀਨੇ ਦੀ ਅਸ਼ਟਮੀ ਤੇ ਲੰਗਰ ਲਗਾਇਆ

**ਕਰਤਾਰਪੁਰ (ਜਸਵੰਤ ਵਰਮਾ ,ਦਿਨੇਸ਼ ਕੁਮਾਰ)**ਮਾਤਾ ਚਿੰਤਪੂਰਨੀ ਲੰਗਰ ਕਮੇਟੀ ਦਿਆਲਪੁਰ,ਮੁਰਾਰ ਵਲੋ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਸਾਵਨ ਮਹੀਨੇ ਦੀ ਅਸ਼ਟਮੀ ਤੇ 27 ਵਾਂ ਸਲਾਨਾ ਲੰਗਰ 16 ਅਗਸਤ ਦਿਨ ਸੋਮਵਾਰ ਨੂੰ ਜੀ ਟੀ ਰੋਡ ਦਿਆਲਪੁਰ ਵਿਖੇ ਲਗਾਇਆ ਗਿਆ। ਇਸ ਤੋ ਪਹਿਲਾਂ ਪੰਡਿਤ ਵੱਲੋਂ ਪੂਜਾ ਪਾਠ ਕਰਕੇ ਝੰਡੇ ਦੀ ਰਸਮ ਕੀਤੀ ਗਈ। ਸਵੇਰੇ ਚਾਹ,ਪਕੌੜਿਆਂ ਦਾ ਲੰਗਰ ਅਤੇ ਦੁਪਹਿਰ ਨੂੰ ਪਨੀਰ ਛੋਲੇ, ਖੀਰ,ਦਹੀ ਰੈਤਾ,ਦਾਲ,ਚਾਵਲ ਅਤੇ ਰੋਟੀ ਦਾ ਲੰਗਰ ਸੰਗਤ ਨੂੰ ਬੜੀ ਸ਼ਰਧਾ ਨਾਲ ਬੈਠਾ ਕੇ ਛਕਾਇਆ ਗਿਆ।



## ਸ਼ਿਵ ਸੈਨਾ ਤਾਂਗੜੀ ਨੇ ਜ਼ਰੂਰਤਮੰਦ ਪਰਿਵਾਰਾਂ ਨੂੰ ਰਾਸ਼ਣ ਵੰਡ ਕੇ ਸੁਤੰਤਰਤਾ ਦਿਵਸ ਮਨਾਇਆ

**ਜਲੰਧਰ (ਵਰੁਣ ਕੁਮਾਰ)** ਅਖਿਲ ਭਾਰਤੀ ਸ਼ਿਵ ਸੈਨਾ ਰਾਸ਼ਟਰਵਾਦੀ ਦੇ ਜ਼ਿਲ੍ਹਾ ਪ੍ਰਧਾਨ ਮਨੀਸ਼ ਬਾਹਰੀ ਦੀ ਅਗਵਾਈ ਵਿਚ ਸੁਤੰਤਰਤਾ ਦਿਵਸ ਮੌਕੇ ਦਲਿਤ ਪਰਿਵਾਰਾਂ ਨੂੰ ਰਾਸ਼ਨ ਵੰਡਿਆ। ਇਸ ਮੌਕੇ ਸ਼ਿਵ ਸੈਨਾ ਤਾਂਗੜੀ ਦੇ ਪੰਜਾਬ ਪ੍ਰਧਾਨ ਵਿਨ੍ਹੇ ਕਪੂਰ ਉਪ-ਪ੍ਰਧਾਨ ਜੋਗਿੰਦਰ ਬਿੱਲਾ ਦੇਵਰਾਜ ਗੋਰੀ ਯੁਵਾ ਨੇਤਾ ਅਜੇ ਬਬਲ ਵਿਸ਼ੇਸ਼ ਰੂਪ ਵਿੱਚ ਹਾਜ਼ਰ ਸਨ। ਇਸ ਮੌਕੇ ਅਜੇ ਬੱਬਲ ਅਤੇ ਮੁਨੀਸ਼ ਬਾਹਰੀ ਨੇ ਜਰੂਰਤ ਮੰਦ ਪਰਿਵਾਰਾਂ ਨੂੰ ਰਾਸ਼ਨ ਵੰਡਿਆ ਅਤੇ ਸੁਤੰਤਰਤਾ ਦਿਵਸ ਦੀ ਵਧਾਈ ਦਿੱਤੀ। ਇਸ ਮੌਕੇ ਸ਼ਿਵ ਸੈਨਾ ਤਾਂਗੜੀ ਦੇ ਪੰਜਾਬ ਪ੍ਰਧਾਨ ਕਪੂਰ ਨੇ ਕਿਹਾ ਕਿ ਸਮਾਜ ਸੇਵਾ ਦਾ ਦੂਸਰਾ ਨਾਮ ਹੀ ਸ਼ਿਵ ਸੈਨਾ ਤਾਂਗੜੀ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਪਰਿਵਾਰਾਂ ਨੂੰ ਅੱਜ ਰਾਸ਼ਨ ਦਿੱਤਾ ਗਿਆ ਹੈ ਇਹਨਾਂ ਨੂੰ ਹਰ ਹੀਲੇ ਹੀ ਦਿੱਤਾ ਜਾਏਗਾ ਅਤੇ ਆਉਣ ਵਾਲੇ ਦਿਨਾਂ ਵਿੱਚ ਹੀ ਰਾਸ਼ਨ ਵੰਡ ਸਮਾਰੋਹ ਹਰ ਵਾਰਡ ਵਿੱਚ ਕੀਤਾ ਜਾਏਗਾ ਅਤੇ ਜ਼ਰੂਰਤਮੰਦ ਪਰਿਵਾਰਾਂ ਦੀ ਮਦਦ ਕੀਤੀ ਜਾਵੇਗੀ। ਉਹਨਾਂ ਨੇ ਸੁਤੰਤਰਤਾ ਦਿਵਸ ਦੀ ਵਧਾਈ ਦਿੰਦਿਆਂ ਲੋਕਾਂ ਨੂੰ ਅਪੀਲ ਕੀਤੀ ਕਿ ਸਾਰੇ ਇਕ ਦੂਜੇ ਨਾਲ ਮਿਲ ਕੇ ਰਹਿਣ ਅਤੇ ਇਕ ਦੂਸਰੇ ਦੀ ਸਮੇਂ ਦਰ ਸਮੇਂ ਮਦਦ ਕਰਦੇ ਰਹਿਣ।



## ਪੈਗਾਸਸ ਮਾਮਲਾ: ਸੁਪਰੀਮ ਕੋਰਟ ਨੇ ਜਾਂਚ ਟ੍ਰਿਬਿਊਨਲ ਬਣਾਉਣ ਲਈ ਕੇਂਦਰ ਸਰਕਾਰ ਨੂੰ 10 ਦਿਨ ਦਿੱਤੇ

**ਨਵੀਂ ਦਿੱਲੀ।** ਪੈਗਾਸਸ ਜਾਸੂਸੀ ਕੇਸ ਉੱਤੇ ਸੁਪਰੀਮ ਕੋਰਟ ਵਿੱਚ ਅੱਜ ਸੋਮਵਾਰ ਜਦੋਂ ਸੁਣਵਾਈ ਹੋਈ ਤਾਂ ਜਾਂਚ ਟ੍ਰਿਬਿਊਨਲਬਣਾਉਣ ਲਈ ਕੇਂਦਰ ਨੂੰ ਦਸ ਦਿਨ ਦਾ ਸਮਾਂ ਦਿੱਤਾ ਗਿਆ ਹੈ। ਵਰਨਣ ਯੋਗ ਹੈ ਕਿ ਨਰਿੰਦਰ ਮੋਦੀ ਅਗਵਾਈ ਵਾਲੀ ਭਾਰਤ ਦੀ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਵਿੱਚਇੱਕ ਐਫੀਡੇਵਿਟ ਪੇਸ਼ ਕਰ ਕੇ ਕਿਹਾ ਹੈ ਕਿਪੈਗਾਸਾਸ ਜਾਸੂਸੀ ਸਾਫਟਵੇਅਰ ਕੇਸ ਦੀ ਜਾਂਚ ਕਰਨ ਲਈ ਉਹ ਮਾਹਰਾਂ ਦੀ ਇਕ ਉੱਚ ਪੱਧਰੀ ਕਮੇਟੀ ਬਣਾਏਗੀ। ਸੁਪਰੀਮ ਕੋਰਟ ਵਿੱਚ ਸਾਲਿਸਟਰ ਜਨਰਲ ਨੇ ਇਸ ਐਫੀਡੇਵਿਟ ਦੇ ਕੁਝ ਹਿੱਸੇ ਪੜ੍ਹ ਕੇ ਸੁਣਾਏ, ਜਿਸ ਵਿੱਚ ਇਸ ਕੇਸ ਦੇ ਪਟੀਸ਼ਨਰਾਂ ਵੱਲੋਂ ਲਾਏ ਗਏ ਸਾਰੇ ਦੋਸ਼ਾਂ ਦਾ ਖੰਡਨ ਕੀਤਾ ਗਿਆ ਸੀ। ਉਨ੍ਹਾ ਨੇ ਪੜ੍ਹਿਆ ਕਿ'ਇਕ ਵੈਬ ਪੋਰਟਲ ਨੇ ਪਾਰਲੀਮੈਂਟ ਸੈਸ਼ਨ ਦੇ ਸ਼ੁਰੂ ਹੋਣ ਤੋਂ ਪਹਿਲਾਂ ਸਨਸਨੀ ਫੈਲਾਉਣ ਲਈ ਕੁਝ ਖਬਰਾਂਪੁਸ਼ਟੀ ਤੋਂ ਬਿਨਾਂ ਛਾਪੀਆਂ ਸਨ, ਜਿਸ ਕਾਰਨ ਵਿਵਾਦ ਛਿੜਿਆ ਹੈ, ਫਿਰ ਵੀ ਅਸੀਂ ਸਥਿਤੀ ਸਾਫ਼ ਕਰਨ ਲਈ ਨਿਰਪੱਖ ਤਕਨੀਕੀ ਮਾਹਰਾਂ ਦੀ ਇਕ ਕਮੇਟੀ ਬਣਾਉਣਾ ਚਾਹੁੰਦੇ ਹਾਂ।' ਅਦਾਲਤ ਨੇ ਇਸ ਦੇ ਲਈ ਦਸ ਦਿਨ ਦੇ ਦਿੱਤੇ ਹਨ।

## ਸਕੂਲ ਨੂੰ ਫਰਨੀਚਰ ਦਾਨ ਕੀਤਾ

**ਕਰਤਾਰਪੁਰ (ਜਸਵੰਤ ਵਰਮਾ,ਦਿਨੇਸ਼ ਕੁਮਾਰ)** ਸਮਾਜਸੇਵੀ ਸੰਸਥਾ ਨੇਕੀ ਦੀ ਦੁਕਾਨ ਕਰਤਾਰਪੁਰ ਵੱਲੋਂ ਅੱਜ ਹਿੰਦੁਸਤਾਨ ਹਾਈਡਰੋਲਿਕਸ ਪ੍ਰਾਈਵੇਟ ਲਿਮਟਿਡ, ਸੁਰਾਨੁੱਸੀ (ਜਲੰਧਰ) ਦੇ ਸਹਿਯੋਗ ਨਾਲ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਕਾਲਾ ਬੱਕਰਾ ਦੇ ਗਾਈਡੈਂਸ ਐਂਡ ਕਾਂਉਸਲਿੰਗ ਰੂਮ ਲਈ ਫਰਨੀਚਰ ਦਿੱਤਾ ਗਿਆ। ਇਸ ਉਪਰਾਲੇ ਵਿੱਚ ਸੁਰਜੀਤ ਸਿੰਘ, ਭਾਈ ਸੁਖਬੀਰ ਸਿੰਘ ਅਤੇ ਨਗਿੰਦਰ ਨਾਥ ਫੁੱਲ ਦਾ ਵਿਸ਼ੇਸ਼ ਸਹਿਯੋਗ ਰਿਹਾ। ਇਸ ਮੌਕੇ ਸੁਰਜੀਤ ਸਿੰਘ, ਭਾਈ ਸੁਖਬੀਰ ਸਿੰਘ ਜੀ, ਗੁਰਦੀਪ ਸਿੰਘ, ਹਰਮਨਪ੍ਰੀਤ ਸਿੰਘ, ਮਾਸਟਰ ਅਮਰੀਕ ਸਿੰਘ, ਆਦਿ ਹਾਜ਼ਰ ਸਨ। ਸਮਾਜਸੇਵੀ ਸੰਸਥਾ ਨੇਕੀ ਦੀ ਦੁਕਾਨ ਕਰਤਾਰਪੁਰ ਵੱਲੋਂ ਇਸ ਸੇਵਾ ਲਈ ਹਿੰਦੁਸਤਾਨ ਹਾਈਡਰੋਲਿਕਸ ਪ੍ਰਾਈਵੇਟ ਲਿਮਟਿਡ, ਸੁਰਾਨੁਸੀ ਦੇ ਪ੍ਰਬੰਧਕੀ ਬੋਰਡ ਦਾ ਵੀ ਧੰਨਵਾਦ ਕੀਤਾ ਗਿਆ।



# ਮਾਸਟਰ ਮਹਿੰਦਰ ਸਿੰਘ ਜੀ ਦੀ ਯਾਦ 'ਚ ਲੱਗਣਗੇ 101 ਭਾਂਤ-ਭਾਂਤ ਦੇ ਬੂਟੇ : ਚੰਦਬਾਜਾ

**ਕੋਟਕਪੂਰਾ।** ਭਾਈ ਘਨੱਈਆ ਕੈਂਸਰ ਰੋਕੋ ਸੇਵਾ ਸੁਸਾਇਟੀ ਦੇ ਸਤਿਕਾਰਯੋਗ ਮੈਂਬਰ, ਵਾਤਾਵਰਣ ਪ੍ਰੇਮੀ, ਸਮਾਜਸੇਵੀ, ਵਿਦਿਅਕ ਅਤੇ ਖੇਡਾਂ ਨਾਲ ਸਬੰਧਤ ਅਦਾਰਿਆਂ ਦੀ ਮੰਨੀ ਪ੍ਰਮੰਨੀ ਹਸਤੀ ਸ੍ਰ ਮਹਿੰਦਰ ਸਿੰਘ ਡੀ.ਪੀ.ਈ. ਦੀ ਯਾਦ ਵਿੱਚ ਕੋਠੇ ਬੁੱਕਣ ਸਿੰਘ ਨਗਰ ਕੋਟਕਪੂਰਾ ਵਿਖੇ ਫਲਦਾਰ, ਫੁੱਲਦਾਰ ਅਤੇ ਛਾਂਦਾਰ ਬੂਟੇ ਲਾ ਕੇ ਉਨਾ ਨੂੰ ਸ਼ਰਧਾਂਜ਼ਲੀ ਦਿੱਤੀ ਗਈ। ਸੁਸਾਇਟੀ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਚੰਦਬਾਜਾ ਨੇ ਦੱਸਿਆ ਕਿ ਉਨਾਂ ਦੇ ਖੇਤ ਵਿੱਚ ਆਂਵਲੇ ਦਾ ਬੂਟਾ ਲਾ ਕੇ 101 ਭਾਂਤ-ਭਾਂਤ ਦੇ ਬੂਟੇ ਉਨਾਂ ਦੀ ਯਾਦ ਵਿੱਚ ਲਾਉਣ ਦਾ ਫੈਸਲਾ ਕੀਤਾ ਗਿਆ। ਗੁਰਪ੍ਰੀਤ ਸਿੰਘ ਚੰਦਬਾਜਾ, ਪਰਮਜੀਤ ਸਿੰਘ ਮੱਕੜ, ਅਮਰਦੀਪ ਸਿੰਘ ਦੀਪਾ, ਗੁਰਿੰਦਰ ਸਿੰਘ ਮਹਿੰਦੀਰੱਤਾ ਅਤੇ ਸਿਮਰਨਜੀਤ ਸਿੰਘ ਨੇ ਦੱਸਿਆ ਕਿ ਸ੍ਰ ਮਹਿੰਦਰ ਸਿੰਘ ਪਿਛਲੇ ਦਿਨੀਂ ਕੈਨੇਡਾ ਵਿਖੇ ਦਿਲ ਦੀ ਬਿਮਾਰੀ ਕਾਰਨ ਅਚਾਨਕ ਸਦੀਵੀ ਵਿਛੋੜਾ ਦੇ ਗਏ ਸਨ। ਸਿਮਰਜੀਤ ਸਿੰਘ ਪੀਐੱਚਡੀ ਨੇ ਆਪਣੇ ਸਤਿਕਾਰਤ ਪਿਤਾ ਮਹਿੰਦਰ ਸਿੰਘ ਦੀ ਯਾਦ ਵਿੱਚ ਬੂਟੇ ਲਾਉਣ ਦੇ ਫੈਸਲੇ ਬਦਲੇ ਸੁਸਾਇਟੀ ਦੇ ਪ੍ਰਧਾਨ ਸਮੇਤ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਦਾ ਧੰਨਵਾਦ ਕਰਦਿਆਂ ਆਖਿਆ ਕਿ ਉਨਾਂ ਦੇ ਪਿਤਾ ਜੀ ਵੀ ਵਾਤਾਵਰਣ ਪ੍ਰੇਮੀ ਹੋਣ ਕਰਕੇ ਹਰ ਕਿਸਮ ਦੇ ਬੂਟੇ ਲਾ ਕੇ ਬਕਾਇਦਾ



ਉਨਾ ਦੀ ਸੰਭਾਲ ਵੱਲ ਜਿਆਦਾ ਧਿਆਨ ਦਿੰਦੇ ਸਨ, ਉਨਾਂ ਵਲੋਂ ਲਾਏ ਅਤੇ ਸੰਭਾਲੇ ਗਏ ਬੂਟਿਆਂ ਨਾਲ ਅੱਜ ਵੀ ਸ੍ਰ ਮਹਿੰਦਰ ਸਿੰਘ ਜੀ ਦੀਆਂ ਯਾਦਾਂ ਜੁੜੀਆਂ ਹੋਈਆਂ ਹਨ। ਇਸ ਮੌਕੇ ਉਪਰੋਕਤ ਤੋਂ ਇਲਾਵਾ ਜਤਿੰਦਰ ਸਿੰਘ ਮਾਨ, ਗੁਰਵੰਤ ਸਿੰਘ, ਗੁਰਮੀਤ ਸਿੰਘ, ਗੁਰਪ੍ਰੀਤ ਸਿੰਘ, ਅਮਨਦੀਪ ਸ਼ਰਮਾ ਆਦਿ ਵੀ ਹਾਜਰ ਸਨ।

# ਕਿਸਾਨੀ ਸੰਘਰਸ਼ ਦੀ ਸਫਲਤਾ ਅਤੇ ਸਰਬੱਤ ਦੇ ਭਲੇ ਲਈ ਅਖੰਡ ਪਾਠ ਸਾਹਿਬ ਦੇ ਭੋਗ

**ਕੋਟਕਪੂਰਾ।** ਗੋਬਿੰਦ ਐਗਰੀਕਲਚਰ ਵਰਕਸ ਪੰਜਗਰਾਈਂ ਕਲਾਂ/ਕੋਟਕਪੂਰਾ ਵਿਖੇ ਕਿਸਾਨੀ ਸੰਘਰਸ਼ ਦੀ ਸਫਲਤਾ, ਕੋਰੋਨਾ ਵਾਇਰਸ ਦੀ ਕਰੋਪੀ ਦਾ ਸੰਕਟ ਟਾਲਣ ਅਤੇ ਸਰਬੱਤ ਦੇ ਭਲੇ ਲਈ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਅਰਦਾਸ-ਬੇਨਤੀ ਕੀਤੀ ਕਿ ਗੋਬਿੰਦ ਐਗਰੀਕਲਚਰ ਵਰਕਸ ਦੇ ਪ੍ਰਬੰਧਕਾਂ ਮੁਤਾਬਿਕ ਪੰਜਾਬ ਦੀ ਹੋਂਦ ਬਚਾਉਣ ਲਈ ਪਿਛਲੇ ਕਰੀਬ 1 ਸਾਲ ਤੋਂ ਕੜਾਕੇ ਦੀ ਠੰਢ ਅਤੇ ਗਰਮੀ ਦੀਆਂ ਤੇਜ ਧੁੱਪਾਂ ਆਪਣੇ ਪਿੰਡੇ 'ਤੇ ਹੰਢਾ ਰਹੇ ਕਿਸਾਨਾ ਦੇ ਸੰਘਰਸ਼ ਦਾ ਸਾਥ ਦੇਣਾ ਸਾਰਿਆਂ ਲਈ ਬਹੁਤ ਜਰੂਰੀ ਹੈ। ਭਾਈ ਹੀਰਾ ਸਿੰਘ ਰਾਗੀ ਜੱਥੇ ਨੇ ਗੁਰਬਾਣੀ-ਕੀਰਤਨ ਕਰਕੇ ਸੰਗਤਾਂ ਨੂੰ ਗੁਰੂ ਚਰਨਾ ਨਾਲ ਜੋੜਿਆ, ਅਰਦਾਸ-ਬੇਨਤੀ ਉਪਰੰਤ ਪਵਿੱਤਰ ਹੁਕਮਨਾਮਾ ਲਿਆ ਗਿਆ। ਸਟੇਜ ਸੰਚਾਲਨ ਕਰਦਿਆਂ ਗੁਰਿੰਦਰ ਸਿੰਘ ਮਹਿੰਦੀਰੱਤਾ ਨੇ ਦੱਸਿਆ ਕਿ ਇਸ ਉਦਯੋਗ ਦੇ ਮਾਲਕਾਂ ਵਲੋਂ ਪਿਛਲੇ ਲੰਮੇ ਸਮੇਂ ਤੋਂ ਧਾਰਮਿਕ ਅਤੇ ਸਮਾਜਸੇਵਾ ਦੇ ਖੇਤਰ ਵਿੱਚ ਵੱਡਮੁੱਲੀਆਂ ਸੇਵਾਵਾਂ ਨਿਭਾਈਆਂ ਜਾ ਰਹੀਆਂ ਹਨ। ਉਨਾ ਦੱਸਿਆ ਕਿ ਇਸ ਇੰਡਸਟਰੀ ਦੇ ਪ੍ਰਬੰਧਕ ਸੁਖਵਿੰਦਰ ਸਿੰਘ ਬੱਬੂ ਇਕ ਤੋਂ ਵੱਧ ਵਾਰ ਸਿੰਘੂ, ਟੀਕਰੀ ਅਤੇ ਗਾਜ਼ੀਪੁਰ ਬਾਰਡਰਾਂ 'ਤੇ ਹਾਜਰੀ ਭਰ ਚੁੱਕੇ ਹਨ। ਉਨਾ ਗੋਬਿੰਦ ਐਗਰੀਕਲਚਰ ਵਰਕਸ ਦੇ ਖੇਤੀ ਸੰਦਾਂ ਦੀ ਦੇਸ਼ ਭਰ ਵਿੱਚ ਵੱਧਦੀ ਜਾ ਰਹੀ ਮੰਗ ਦਾ ਜਿਕਰ ਕਰਦਿਆਂ ਦੱਸਿਆ ਕਿ ਇਸ ਪਰਿਵਾਰ ਦੀ ਇਮਾਨਦਾਰੀ ਵੀ ਦੇਸ਼ ਭਰ 'ਚ ਮਸ਼ਹੂਰ ਹੈ। ਉਨਾਂ ਪ੍ਰਬੰਧਕਾਂ ਸੁਖਵਿੰਦਰ ਸਿੰਘ ਬੱਬੂ, ਹਰਵਿੰਦਰ ਸਿੰਘ ਬਿੱਟਾ, ਸਿਮਰਜੀਤ ਸਿੰਘ ਸਮੇਤ ਸਮੁੱਚੇ ਪਰਿਵਾਰ ਵਲੋਂ



ਦੂਰੋਂ ਨੇੜਿਉਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਕੁਲਤਾਰ ਸਿੰਘ ਸੰਧਵਾਂ ਹਲਕਾ ਵਿਧਾਇਕ, ਭੁਪਿੰਦਰ ਸਿੰਘ ਸੱਗੂ ਪ੍ਰਧਾਨ ਨਗਰ ਕੌਂਸਲ ਕੋਟਕਪੂਰਾ, ਸਾਬਕਾ ਵਿਧਾਇਕ ਮਨਤਾਰ ਸਿੰਘ ਬਰਾੜ, ਸੁਖਬੀਰ ਸਿੰਘ ਸੰਧੂ, ਗੁਰਪ੍ਰੀਤ ਸਿੰਘ ਚੰਦਬਾਜਾ ਸਮੇਤ ਭਾਰੀ ਗਿਣਤੀ 'ਚ ਸਿਆਸੀ ਤੇ ਗੈਰ ਸਿਆਸੀ ਸ਼ਖਸ਼ੀਅਤਾਂ ਨੇ ਸ਼ਮੂਲੀਅਤ ਕੀਤੀ।

# ਲਾਇਨਜ਼ ਕਲੱਬ ਰਾਇਲ ਨੇ ਗੋਦ ਲਏ ਸਰਕਾਰੀ ਪ੍ਰਾਇਮਰੀ ਸਕੂਲ 'ਚ ਲਹਿਰਾਇਆ ਝੰਡਾ

**ਕੋਟਕਪੂਰਾ।** 'ਲਾਇਨਜ਼ ਕਲੱਬ ਕੋਟਕਪੂਰਾ ਰਾਇਲ' ਵੱਲੋਂ ਗੋਦ ਲਏ ਸਰਕਾਰੀ ਪ੍ਰਾਇਮਰੀ ਸਕੂਲ ਮੁਹੱਲਾ ਹਰਨਾਮਪੁਰਾ ਕੋਟਕਪੂਰਾ ਵਿਖੇ ਆਜ਼ਾਦੀ ਦੀ 75ਵੀਂ ਵਰੇਗੰਢ ਮਨਾਉਣ ਮੌਕੇ ਸਕੂਲ ਮੁਖੀ ਮੈਡਮ ਸ਼ਵੇਤਾ ਨੇ ਸਾਰਿਆਂ ਨੂੰ ਜੀ ਆਇਆਂ ਆਖਦਿਆਂ ਸਕੂਲ ਦੀ ਮੌਜੂਦਾ ਸਥਿੱਤੀ ਤੋਂ ਜਾਣੂ ਕਰਵਾਇਆ। ਝੰਡਾ ਲਹਿਰਾਉਣ ਦੀ ਰਸਮ ਨੰਬਰਦਾਰ ਸੁਖਵਿੰਦਰ ਸਿੰਘ ਪੱਪੂ ਫਸਟ ਵਾਈਸ ਪ੍ਰਧਾਨ ਨੇ ਅਦਾ ਕੀਤੀ। ਰਾਸ਼ਟਰੀ ਗਾਣ ਤੋਂ ਬਾਅਦ ਸੁਰਜੀਤ ਸਿੰਘ ਘੁਲਿਆਣੀ ਅਤੇ ਗੁਰਿੰਦਰ ਸਿੰਘ ਮਹਿੰਦੀਰੱਤਾ ਨੇ ਆਜ਼ਾਦੀ ਦਿਹਾੜੇ ਦੀ ਮਹੱਤਤਾ ਬਾਰੇ ਅੰਕੜਿਆਂ ਸਹਿਤ ਦਲੀਲਾਂ ਦਿੰਦਿਆਂ ਦੱਸਿਆ ਕਿ ਸਾਡਾ ਦੇਸ਼ ਅੰਗਰੇਜਾਂ ਤੋਂ ਤਾਂ ਆਜ਼ਾਦ ਹੋ ਗਿਆ ਪਰ ਆਪਣੇ ਹੁਕਮਰਾਨਾ ਤੋਂ ਅੱਜ ਵੀ ਗੁਲਾਮ ਹੈ, ਕਿਉਂਕਿ ਆਪਣੇ ਹੱਕਾਂ ਲਈ ਸੰਘਰਸ਼ ਕਰ ਰਹੇ ਅਧਿਆਪਕਾਂ, ਕੱਚੇ ਮੁਲਾਜ਼ਮਾ, ਆਂਗਣਵਾੜੀ ਵਰਕਰਾਂ ਸਮੇਤ ਹੋਰ ਧਰਨਾਕਾਰੀਆਂ ਨੂੰ ਡਾਂਗਾਂ ਨਾਲ ਕੁੱਟਿਆ ਜਾ ਰਿਹਾ ਹੈ। ਸੰਯੁਕਤ ਮੋਰਚਾ ਵਲੋਂ ਕਰੀਬ ਇਕ ਸਾਲ ਤੋਂ ਆਪਣੀਆਂ ਹੱਕੀ ਮੰਗਾਂ ਲਈ ਪੰਜਾਬ ਭਰ ਦੇ ਵੱਖ ਵੱਖ ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ ਤੋਂ ਇਲਾਵਾ ਦਿੱਲੀ ਦੇ ਬਾਰਡਰਾਂ 'ਤੇ ਦਿਨ-ਰਾਤ ਦਾ ਧਰਨਾ ਦਿੱਤਾ ਜਾ ਰਿਹਾ ਹੈ ਪਰ ਸਰਕਾਰ ਵਲੋਂ ਕੋਈ ਸੁਣਵਾਈ ਨਹੀਂ ਹੋ ਰਹੀ। ਉਨਾਂ ਸਰਕਾਰ ਨੂੰ ਅਪੀਲ ਕੀਤੀ ਕਿ ਮੁਲਾਜਮਾਂ ਅਤੇ ਹੋਰ ਸੰਘਰਸ਼ਸ਼ੀਲ ਜਥੇਬੰਦੀਆਂ ਦੀਆਂ ਹੱਕੀ ਮੰਗਾਂ ਪ੍ਰਵਾਨ ਕੀਤੀਆਂ ਜਾਣ, ਕਿਸਾਨ-ਮਜਦੂਰ ਨੂੰ ਆਉਂਦੀਆਂ ਮੁਸ਼ਕਿਲਾਂ ਦੂਰ ਕਰਕੇ ਕਾਲੇ ਕਾਨੂੰਨ ਰੱਦ ਕੀਤੇ ਜਾਣ। ਹਰਿੰਦਰ ਸਿੰਘ ਚੋਟਮੁਰਾਦਾ ਜੋਨ ਚੇਅਰਮੈਨ ਅਤੇ ਭੁਪਿੰਦਰ ਸਿੰਘ ਮੱਕੜ ਰੀਜ਼ਨ ਚੇਅਰਮੈਨ ਨੇ ਦੱਸਿਆ ਕਿ ਸੈਮੀਨਾਰ ਦੌਰਾਨ ਇੱਥੋਂ ਦੇ ਵਸਨੀਕ ਅਮਰਜੀਤ ਸਿੰਘ ਦਾ ਜਨਮ ਦਿਨ ਕਲੱਬ ਵੱਲੋਂ ਉਨਾਂ ਦਾ ਸਨਮਾਨ ਕਰਕੇ ਮਨਾਇਆ ਗਿਆ। ਇਸ ਮੌਕੇ



ਉਪਰੋਕਤ ਤੋਂ ਇਲਾਵਾ ਮਨਜੀਤ ਸਿੰਘ ਲਵਲੀ ਰੀਜ਼ਨ ਐਡਮਿਸਟ੍ਰੇਟਰ, ਬੀਰਇੰਦਰਪਾਲ ਸ਼ਰਮਾ, ਸੰਦੀਪ ਗੋਇਲ ਸਕੱਤਰ, ਡਾ ਗੁਰਮੀਤ ਸਿੰਘ ਧਾਲੀਵਾਲ, ਨਛੱਤਰ ਸਿੰਘ, ਸੰਜੀਵ ਅਹੂਜਾ ਪੀ.ਆਰ.ਓ., ਮਨਜੀਤ ਸਿੰਘ ਔਲਖ ਆਦਿ ਵੀ ਹਾਜਰ ਸਨ। ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਸਕੂਲੀ ਬੱਚਿਆਂ ਨੂੰ ਉਕਤ ਸੈਮੀਨਾਰ ਵਿੱਚ ਨਹੀਂ ਬੁਲਾਇਆ ਗਿਆ।



**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ)** ਕਰਤਾਰਪੁਰ ਥਾਣਾ ਮੁਖੀ ਇੰਸਪੈਕਟਰ ਰਾਜੀਵ ਕੁਮਾਰ ਨੂੰ ਪੁਲਿਸ ਵਿਭਾਗ ਵਿੱਚ ਬਹੁਤ ਵੱਧੀਆਂ ਸ਼ਲਾਘਾਯੋਗ ਸੇਵਾਵਾਂ ਦੇਣ ਲਈ 15 ਅਗਸਤ ਦੇ ਸ਼ੁਭ ਦਿਹਾੜੇ ਤੇ ਗੁਰੂ ਗੋਬਿੰਦ ਸਿੰਘ ਸਟੇਡੀਅਮ ਜਲੰਧਰ ਵਿਖੇ ਡੀ ਸੀ ਘਣਸ਼ਾਮ ਥੋਰੀ ਅਤੇ ਓ ਪੀ ਸੋਨੀ ਮੰਤਰੀ ਮੈਡੀਕਲਸਿੱਖਿਆ ਅਤੇ ਰਿਸਰਚ ਵਲੋ ਪ੍ਰਸ਼ੰਸਾ ਪੱਤਰ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ।



ਵਾਰਡ ਨੰਬਰ 66 ਵਿਚ 75ਵਾਂ ਆਜ਼ਾਦੀ ਦਿਵਸ ਸਾਈਂ ਦਾਸ ਪ੍ਰਾਇਮਰੀ ਅਤੇ ਸੀਨੀਅਰ ਸੈਕੰਡਰੀ ਸਕੂਲ ਚ ਮਨਾਇਆ ਗਿਆ। ਇਸ ਮੌਕੇ ਪ੍ਰਿੰਸੀਪਲ ਰਾਕੇਸ਼ ਸ਼ਰਮਾ, ਹੈਡ ਟੀਚਰ ਪ੍ਰੀਤੀ ਮੈਡਮ, ਅਮਨ ਮੈਡਮ ਤੋਂ ਇਲਾਵਾ ਦਵਿੰਦਰ ਸਿੰਘ ਰੋਨੀ, ਉਹਨਾਂ ਦੀ ਸੁਪਤਨੀ ਅਤੇ ਹੋਰ ਸ਼ਾਮਿਲ ਹੋਏ।

# ਹਮ ਵੀ ਜੋਸ਼ ਮੇ,ਬਾਤੇ ਕਰ ਹੋਸ਼ ਮੇ ਯੂ ਨਾ ਹਿੰਦੋਸਤਾਨ ਕੋ ਆਂਖੇਂ ਦਿਖਾ ,ਛੋਟੇ ਛੋਟੇ ਬੱਚਿਆਂ ਵਿੱਚ ਵੀ ਦੀਖਿਆ ਦੇਸ਼ ਭਗਤੀ ਦਾ ਜੋਸ਼

**ਹਾਜੀਪੁਰ (ਜਸਵੀਰ ਸਿੰਘ ਪੁਰੇਵਾਲ)** ਜਿਥੇ ਨੋਜਵਾਨ ਅੰਦਰ ਦੇਸ਼ ਭਗਤੀ ਦੀ ਭਾਵਨਾ ਵਿਖਾਈ ਦਿੰਦੀ ਹੈ ਉਥੇ ਦੇਸ਼ ਦੇ ਛੋਟੇ ਛੋਟੇ ਬਚਿਆ ਵਿੱਚ ਵੀ ਦੇਸ਼ ਭਗਤੀ ਦੀ ਭਾਵਨਾ ਵੀ ਕੁਟ ਕੁਟ ਕੇ ਭਰੀ ਹੋਈ ਹੈ। ਇਸ ਦੀ ਉਦਾਹਰਣ ਹਾਜੀਪੁਰ ਦੇ ਕਿਲਾ ਕਲੋਨੀ ਦੇ ਬੱਚਿਆਂ ਵਿੱਚ ਵੇਖਣ ਨੂੰ ਮਿਲੀ ਜਿਥੇ ਛੋਟੇ ਛੋਟੇ ਬੱਚਿਆਂ ਨੇ ਛੋਟੇ ਛੋਟੇ ਤਿਰੰਗੇ ਆਪਣੇ ਹੱਥਾਂ ਵਿੱਚ ਫੜ ਕੇ ਗਲੀ ਦੇ ਕਦੀ ਇਕ ਪਾਸੇ ਤੇ ਕਦੀ ਦੂਸਰੇ ਪਾਸੇ ਦੇਸ਼ ਭਗਤੀ ਢੇ ਨਾਹਰੇ ਲਾਉਂਦੇ ਹੋਏ ਜਾ ਰਹੇ ਸਨ। ਉਹ ਬੋਲ ਰਹੇ "ਸੁਨ ਹਮ ਵੀ ਹੈ ਜੋਸ਼ ਮੇ ਬਾਤੇ ਕਰ ਹੋਸ਼ ਮੇ, ਯੂ ਨਾ ਆਂਖੇਂ ਦਿਖਾ, ਕਰ ਦੇਣਗੇ ਤੁਝੇ ਤਬਾਹ"।



# ਪੀ ਐਚ ਸੀ ਹਾਜੀਪੁਰ ਵਿਖੇ ਆਜ਼ਾਦੀ ਦਿਵਸ ਮਨਾਇਆ ਗਿਆ

**ਹਾਜੀਪੁਰ (ਜਸਵੀਰ ਸਿੰਘ ਪੁਰੇਵਾਲ)** ਦੇਸ਼ ਦੀ ਆਜ਼ਾਦੀ ਦੀ 75 ਵੀ ਵਰ੍ਹੇਗੰਢ ਦੇ ਮੌਕੇ ਤੇ ਪੀ ਐਚ ਸੀ ਹਾਜੀਪੁਰ ਵਿਖੇ ਸੀਨੀਅਰ ਮੈਡੀਕਲ ਅਫਸਰ ਡਾ ਸ਼ੈੱਲੀ ਬਾਵਜਾ ਦੀ ਅਗਵਾਈ ਹੇਠ ਆਜ਼ਾਦੀ ਦਿਵਸ ਮਨਾਇਆ ਗਿਆ ਜਿਸ ਵਿੱਚ ਡਾ ਸ਼ੈੱਲੀ ਬਾਜਵਾ ਨੇ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ। ਇਸ ਮੌਕੇ ਸੀਨੀਅਰ ਸੈਕੰਡਰੀ ਸਕੂਲ ਦੀਆ ਵਿਦਿਆਰਥੀਆਥਣਾਂ ਵਲੋਂ ਰਾਸ਼ਟਰੀ ਗੀਤ ਗਾਉਣ ਦੀ ਰਸਮ ਅਦਾ ਕੀਤੀ ਗਈ। ਇਸ ਤੋਂ ਬਾਦ ਸਮੂਹ ਸਟਾਫ ਨੂੰ ਲੱਡੂ ਵੰਡ ਕੇ ਉਹਨਾਂ ਦਾ ਮੂੰਹ ਮਿੱਠਾ ਕਰਵਾ ਕੇ ਖੁਸ਼ੀ ਮਨਾਈ ਗਈ। ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ ਸ਼ੈੱਲੀ ਬਾਜਵਾ ਨੇ ਸਮੂਹ ਸਟਾਫ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਉਹਨਾਂ ਦੇਸ਼ ਦੀ ਖਾਤਰ ਆਪਣੀਆਂ ਜਾਨਾਂ ਨੋਸ਼ਾਵਰ ਕਰਨ ਵਾਲੇ ਦੇਸ ਭਗਤਾ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਅਤੇ ਉਹਨਾਂ ਕਿਹਾ ਕਿ ਉਹਨਾਂ ਦੇਸ਼ ਭਗਤਾਂ ਦੀਆ ਕੁਰਬਾਨੀਆਂ ਸਦਕਾ ਹੀ ਅਸੀਂ ਅੰਗਰੇਜ਼ਾਂ ਦੀ ਗੁਲਾਮੀ ਤੋ 15 ਅਗਸਤ 1947 ਨੂੰ ਆਜ਼ਾਦ ਹੋਏ। ਇਸ ਮੌਕੇ ਮੈਡੀਕਲ ਅਫਸਰ ਦੀ ਹਰਮਿੰਦਰ ਸਿੰਘ ਅਤੇ ਸਮੂਹ ਸਟਾਫ ਨੇ ਕਰੋਨਾ ਲਹਿਰ ਦੌਰਾਨ ਲੋਕਾਂ ਨੂੰ ਬਚਾਉਂਦੇ ਹੋਏ ਆਪਣੀਆਂ ਜਾਨਾਂ ਵਾਰਨ ਵਾਲੇ ਕਰੋਨਾ ਯੋਧਿਆਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਬਾਦ ਵਿਚ ਦੋ ਮਿੰਟ ਦ ਮੋਨ ਵੀ ਰੱਖਿਆ ਗਿਆ। ਇਸ ਮੋਕੇ ਸੀਨੀਅਰ ਮੈਡੀਕਲ ਅਫਸਰ ਡਾ ਸ਼ੈੱਲੀ ਬਾਜਵਾ ਨੇ ਆਪਣੇ ਸਮੂਹ ਸਟਾਫ ਦਾ ਧੰਨਵਾਦ ਕੀਤਾ ਜਿਹਨਾਂ ਦੀ ਮਦਦ ਸਦਕਾ ਇਸ ਕਰੋਨਾ ਵਰਗੀ ਮਹਾਂਮਾਰੀ ਨੂੰ ਠੱਲ ਪਾਈ ਗਈ। ਇਸ ਮੌਕੇ ਬੀ ਈ



ਈ ਬਚਿੱਤਰ ਸਿੰਘ ਮਾਨ, ਐਨ ਐੱਸ ਸੁਰਿੰਦਰ ਕੌਰ, ਐਲ ਐੱਚ ਵੀ ਕਾਂਤਾ ਦੇਵੀ, ਐੱਸ ਪੀ ਓ ਰੀਟਾ ਰਾਣੀ, ਐੱਚ ਆਈ ਰਵਿੰਦਰ ਕੁਮਾਰ, ਐੱਚ ਐੱਚ ਰਾਕੇਸ਼ ਕੁਮਾਰ, ਏ ਐਨ ਐਮ ਪਰਮਜੀਤ ਕੌਰ, ਮੁਕੇਸ਼ ਕੁਮਾਰ, ਅਜਨੀਸ਼ ਕੁਮਾਰ, ਰਮਨ ਕੁਮਾਰ, ਇੰਗਲਿਸ਼ ਲੈਕਚਰਾਰ ਸਮਰਜੀਤ ਸਿੰਘ ਸੈਣੀ ਵਿਸ਼ੇਸ਼ ਮਹਿਮਾਨ ਵਜੋਂ ਹਾਜਰ ਸਨ।

## ਸੁਤੰਤਰਤਾ ਦਿਵਸ ਤੇ ਮਹਿਮੂਦਪੁਰ ਵਿੱਚ ਲਹਿਰਾਇਆ ਤਿਰੰਗਾ ਝੰਡਾ



**ਮੁਕੇਰੀਆਂ (ਜਸਵੀਰ ਸਿੰਘ ਪੁਰੇਵਾਲ)** ਆਜ਼ਾਦੀ ਦਿਵਸ ਮੌਕੇ ਪਿੰਡ ਮਹਿਮੂਦਪੁਰ ਵਿਖੇ 75ਵੇਂ ਸਵਤੰਤਰਤਾ ਦਿਹਾੜੇ ਨੂੰ ਸਮਰਪਿਤ ਜਸਵੰਤ ਸਿੰਘ ਰੰਧਾਵਾ ਵਲੋਂ ਰਾਸ਼ਟਰੀ ਝੰਡਾ ਲਹਿਰਾ ਕੇ ਸ਼ਹੀਦਾਂ ਨੂੰ ਯਾਦ ਕਿਤਾ। ਇਸ ਮੌਕੇ ਸਰਪੰਚ ਦਿਲਬਾਗ ਸਿੰਘ, ਸੁੱਖਰਾਜ ਸਿੰਘ, ਸੁਖਵੰਤ ਸਿੰਘ, ਸੁਖਰਾਮ, ਪ੍ਰੇਮ ਚੰਦ, ਰੂਪ ਲਾਲ, ਕੁਲਦੀਪ ਸਿੰਘ, ਕਲਵਿੰਦਰ ਸਿੰਘ, ਗੁਰਮੀਤ ਸਿੰਘ, ਗੁਰਜੀਵਨ ਸਿੰਘ, ਮਨਜੀਤ ਸਿੰਘ ਹਾਜਰ ਸਨ।

## ਬਹਾਦੁਰ ਕੁੜੀ ਨੇ ਫੋਨ ਖੋਹਣ ਵਾਲੇ ਲੁਟੇਰੇ ਨੂੰ ਕੀਤਾ ਕਾਬੂ



**ਜਲੰਧਰ (ਵਰਿੰਦਰ ਰਾਜਪੂਤ)** ਜਲੰਧਰ ਦੇ ਬਸਤੀ ਦਾਨਿਸ਼ਮੰਦਾਂ ਰਸੀਲਾ ਨਗਰ ਵਿਚ ਅੰਜਲੀ ਕਸ਼ਯਪ ਜਦੋਂ ਆਪਣੇ ਘਰੋਂ ਕੰਮ ਤੇ ਜਾ ਰਹੀ ਸੀ ਤੇ ਐਕਟਿਵਾ ਸਵਾਰ ਸਨੈਚਰ ਕੋਲੋਂ ਉਸਦੇ ਮੋਬਾਇਲ ਖੋਹ ਕੇ ਭੱਜਣ ਦਾ ਪ੍ਰਯਾਸ ਕੀਤਾ ਗਿਆ, ਜਿਸਤੇ ਉਸ ਬਹਾਦੁਰ ਕੁੜੀ ਨੇ ਇਸ ਦੇ ਪਿੱਛੇ ਜਾ ਕੇ ਉਸ ਦੀ ਐਕਟਿਵਾ ਨੂੰ ਫੜ ਲਿਆ। ਇਸ ਦੌਰਾਨ ਕੁੜੀ ਨੂੰ ਸੱਟਾਂ ਵੀ ਆਈਆਂ। ਲੋਕਾਂ ਦੀ ਮੱਦਦ ਦੇ ਨਾਲ ਸਨੈਚਰ ਨੂੰ ਉੱਥੇ ਫੜ ਲਿਆ ਗਿਆ ਅਤੇ ਉਸ ਨੂੰ ਪੁਲੀਸ ਦੇ ਹਵਾਲੇ ਕਰ ਦਿੱਤਾ ਗਿਆ। ਪੁਲਸ ਨੇ ਇਸ ਮਾਮਲੇ ਵਿਚ ਐਫਆਈਆਰ ਦਰਜ ਕਰ ਦਿੱਤੀ ਹੈ ਅਤੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

# ਕਰਤਾਰਪੁਰ ਵਿਖੇ ਕਈ ਥਾਵਾਂ ਤੇ ਬੜੀ ਧੂਮਧਾਮ ਨਾਲ ਸੁਤੰਤਰਤਾ ਦਿਵਸ ਮਨਾਇਆ ਗਿਆ









**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ)** ਕਰਤਾਰਪੁਰ ਵਿਖੇ ਕਈ ਥਾਵਾਂ ਤੇ ਆਜਾਦੀ ਦਿਹਾੜਾ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਇਸ 75ਵੇਂ ਸੁਤੰਤਰਤਾ ਦਿਵਸ ਤੇ ਜਨਤਾ ਕਾਲਜ ਕਰਤਾਰਪੁਰ ਵਿਖੇ ਕੌਮੀ ਝੰਡਾ ਵਿਧਾਇਕ ਚੋਧਰੀ ਸੁਰਿੰਦਰ ਸਿੰਘ ਨੇ ਲਹਿਰਾਇਆ ਅਤੇ ਪੁਲਿਸ ਗਾਰਦ ਕੋਲੋ ਸਲਾਮੀ ਲਈ। ਇਸ ਮੌਕੇ ਪ੍ਰਿੰਸੀਪਲ ਪ੍ਰੈਟੀ ਸੋਢੀ, ਪ੍ਰਿੰਸ ਅਰੋੜਾ, ਰਾਜ ਕੁਮਾਰ ਅਰੋੜਾ, ਪਿਆਰਾ ਲਾਲ,ਵੇਦ ਪ੍ਰਕਾਸ਼, ਕਮਲਜੀਤ ਉਹਰੀ, ਆਰ ਐਲ ਸੈਲੀ, ਗੋਪਾਲ ਸੂਦ, ਹਰੀ ਪਾਲ, ਹੀਰਾ ਲਾਲ ਖੋਸਲਾ, ਦਲਵੀਰ ਸਿੰਘ ਹਸਨਮੁੰਡਾ,ਨਾਥੀ ਸਨੋਤਰਾ ਆਦਿ ਹਾਜਰ ਸਨ। ਇਸੇ ਤਰ੍ਹਾਂ ਨਗਰ ਕੌਂਸਲ ਕਰਤਾਰਪੁਰ ਵਿਖੇ ਕੌਮੀ ਝੰਡਾ ਪ੍ਰਧਾਨ ਪ੍ਰਿੰਸ ਅਰੋੜਾ ਨੇ ਲਹਿਰਾਇਆ। ਇਸ ਮੋਕ ਸਾਰੇ ਕੌਂਸਲਰਾ ਤੋ ਇਲਾਵਾ ਚੇਅਰਮੈਨ ਰਾਜ ਕੁਮਾਰ ਅਰੋੜਾ, ਡੀ ਐਸ ਪੀ ਸੁੱਖਪਾਲ ਸਿੰਘ, ਹਰਬੰਸ ਕੌਰ, ਭੀਮ ਸੈਣ, ਨੀਤੀਨ ਅਗਰਵਾਲ, ਗੁਰਦੀਪ ਸਿੰਘ ਮਿੰਟੂ, ਸੰਕਲਪ ਕੁਮਾਰ, ਸ਼ਿਵ ਕੁਮਾਰ ਆਦਿ ਹਾਜਰ ਸਨ। ਗੁਰੂ ਵਿਰਜਾਨੰਦ ਸਮਾਰਕ ਕਰਤਾਰਪੁਰ ਵਿਖੇ ਰਾਸ਼ਟਰੀ ਝੰਡਾ ਪੰਜਾਬ ਕਾਂਗਰਸ ਦੇ ਸਕੱਤਰ ਕਮਲਜੀਤ ਉਹਰੀ ਨੇ ਲਹਿਰਾਇਆ। ਇਸ ਮੋਕੇ ਪ੍ਰਿੰਸੀਪਲ ਉਦਿਆਨ ਆਰਿਆਂ, ਸੁਖਦੇਵ ਸਾਸ਼ਤਰੀ, ਗੋਪਾਲ ਸੂਦ ਅਤੇ ਹੋਰ ਹਾਜਰ ਸਨ। ਲਾਇਨ ਕੱਲਬ ਕਰਤਾਰਪੁਰ ਵੱਲੋਂ ਸੁਤੰਤਰਤਾ ਦਿਵਸ ਹੋਟਲ ਰਾਇਲ ਪਾਰਕ ਮੈਗਨੋਲੀਆਂ ਵਿਖੇ ਮਨਾਇਆ ਗਿਆ ਇੱਥੇ ਕੌਮੀ ਝੰਡਾ ਕਲੱਬ ਦੇ ਪ੍ਰਧਾਨ ਰਜਨੀਸ਼ ਸੂਦ ਨੇ ਲਹਿਰਾਇਆ। ਇਸ ਮੋਕੇ ਨਵੀਨ ਜੈਨ, ਰਾਹੁਲ ਅਗਰਵਾਲ, ਅਨੀਸ਼ ਅਗਰਵਾਲ, ਪ੍ਰਿੰਸ ਅਰੋੜਾ, ਰਾਜ ਕੁਮਾਰ ਅਰੋੜਾ, ਰਮੇਸ਼ ਸੂਰੀ, ਨਰੇਸ਼ ਅਗਰਵਾਲ, ਪ੍ਰਦੀਪ ਅਗਰਵਾਲ, ਡਾਕਟਰ ਸੁਨੀਲ ਮਦਾਨ, ਸ਼ਿਵ ਵਰਮਾ, ਭਾਨੂ ਗੁਪਤਾ, ਰਾਜ ਕੁਮਾਰ ਅਗਰਵਾਲ, ਮਨਜੀਤ ਜੈਨ, ਅਨਿਲ ਵਰਮਾਂ, ਸੁਭਾਸ਼ ਸਰਦਾਨਾ, ਪਿੰਚੂ ਸਿੰਗਲਾ, ਕ੍ਰਿਸ਼ਨ ਸ਼ਰਮਾ ਆਦਿ ਹਾਜਰ ਸਨ। ਇਸੇ ਤਰ੍ਹਾਂ ਕਾਂਗਰਸ ਭਵਨ ਕਰਤਾਰਪੁਰ ਵਿਖੇ ਕੌਮੀ ਝੰਡਾ ਸਿਟੀ ਕਾਂਗਰਸ ਪ੍ਰਧਾਨ ਵੇਦ ਪ੍ਰਕਾਸ਼ ਅਤੇ ਬਲਾਕ ਪ੍ਰਧਾਨ ਅਮਰਜੀਤ ਸਿੰਘ ਕੰਗ ਨੇ ਸਾਂਝੇ ਤੋਰ ਤੇ ਲਹਿਰਾਇਆ। ਇਸ ਮੋਕੇ ਪ੍ਰਿੰਸੀਪਲ ਆਰ ਐਲ ਸੈਲੀ, ਪ੍ਰਿੰਸ ਅਰੋੜਾ, ਰਾਜ ਕੁਮਾਰ ਅਰੋੜਾ, ਸੁਰਿੰਦਰ ਆਨੰਦ ਨਾਥੀ ਸਨੋਤਰਾ, ਹੀਰਾ ਲਾਲ ਖੋਸਲਾ, ਗੋਪਾਲ ਸੂਦ, ਦਲਵਿੰਦਰ ਦਿਆਲਪੁਰੀ, ਹਰਬੰਸ ਕੌਰ, ਕੁਲਵਿੰਦਰ ਕੌਰ,ਆਦਿ ਹਾਜਰ ਸਨ। ਇਸੇ ਤਰ੍ਹਾਂ ਰਾਮਗੜ੍ਹੀਆ ਸਕੂਲ ਵਿਖੇ ਰਾਸ਼ਟਰੀ ਝੰਡਾ ਅਮਰਜੀਤ ਭੰਵਰਾ ਨੇ ਲਹਿਰਾਇਆ।



**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ)** ਸਿਕੰਦਰ ਲਾਲ ਲੈਕਚਰਾਰ, ਸ਼ਹੀਦ ਸਰਵਣ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੁਸਰੋਪੁਰ (ਕਰਤਾਰਪੁਰ) ਜਲੰਧਰ ਨੂੰ ਕੋਵਿਡ-19 ਦੌਰਾਨ ਸ਼ਲਾਘਾਯੋਗ ਸੇਵਾਵਾਂ ਨਿਭਾਉਣ ਤੇ 15 ਅਗਸਤ ਦੇ ਸ਼ੁਭ ਦਿਹਾੜੇ ਤੇ ਗੁਰੂ ਗੋਬਿੰਦ ਸਿੰਘ ਸਟੇਡੀਅਮ ਜਲੰਧਰ ਵਿਖੇ ਡੀ.ਸੀ ਘਣਸ਼ਾਮ ਥੋਰੀ ਅਤੇ ਓ.ਪੀ ਸੋਨੀ ਮੰਤਰੀ ਮੈਡੀਕਲ ਸਿੱਖਿਆ ਅਤੇ ਰਿਸਰਚ ਦੁਆਰਾ ਪ੍ਰਸ਼ੰਸਾ ਪੱਤਰ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ ।